**ਸੂਚਨਾ**

ਸਮੂਹ ਪਾਠਕਾਂ, ਏਜੰਟ ਸਾਹਿਬਾਨ ਅਤੇ ਇਸ਼ਤਿਹਾਰੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ 'ਆਜ਼ਾਦ ਸੋਚ' ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੋਰਟ ਨੋਟਿਸਾਂ ਨੂੰ ਪ੍ਰਕਾਸ਼ਿਤ ਕਰਨ ਲਈ ਪੰਜਾਬ ਦੇ ਨਾਲ ਨਾਲ ਹੁਣ ਹਰਿਆਣਾ ਸੂਬੇ ਦੀਆਂ ਅਦਾਲਤਾਂ ਲਈ ਵੀ ਮਾਨਤਾ ਪ੍ਰਾਪਤ ਹੋ ਚੁੱਕਿਆ ਹੈ। ਹਰਿਆਣਾ ਸੂਬੇ ਦੀਆਂ ਅਦਾਲਤਾਂ ਵਿਚੋਂ ਜਾਰੀ ਕੋਰਟ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਸਾਡੇ ਹੇਠ ਲਿਖੇ ਪ੍ਰਤੀਨਿੱਧ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਰਾਕੇਸ਼ ਗੋਇਲ (ਇਸ਼ਤਿਹਾਰ ਮੈਨੇਜਰ)**
**ਮੋ: 86995-69067**

ਹਰ ਖ਼ਬਰ ਤੱਕ ਪਹੁੰਚ, ਪੜ੍ਹੋ ਰੋਜ਼ਾਨਾ ਆਜ਼ਾਦ ਸੋਚ

# ਆਜ਼ਾਦ ਸੋਚ ™

www.facebook.com/Azadsoch | www.youtube.com/AzadSoch

ਸੰਗਰੂਰ ਤੋਂ ਪ੍ਰਕਾਸ਼ਿਤ

Postal No. PB/PTA/ (055) 2023-25
R.N.I N O. 61549/92
Website : www.azadsoch.in
Mail Us at : azadsoach92@gmail.com (ਕੇਵਲ ਖ਼ਬਰਾਂ ਲਈ)
azadsochadvt@gmail.com (ਕੇਵਲ ਇਸ਼ਤਿਹਾਰਾਂ ਲਈ)

ਸਾਲ (Year) 35 | ਅੰਕ (Vol. ) 70 | ਮੁੱਲ (Rate ) 01.00 ਰੁਪਏ | Saturday 21 March, 2026 | ਸ਼ਨੀਵਾਰ 21 ਮਾਰਚ , 2026

ਮੁੱਖ ਸੰਪਾਦਕ : ਸੁਰਿੰਦਰ ਕੁਮਾਰ 93566-05100, ਅਨਿਲ ਕੁਮਾਰ ਗਰਗ : 9317755000 ਡਾਕ ਪਤਾ : ਸਾਹਮਣੇ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ, ਨੇੜੇ 24 ਨੰ: ਫਾਟਕ ,ਧਾਮੋ ਮਾਜਰਾ ਰੋਡ ਪਟਿਆਲਾ

### ਭਗਵੰਤ ਮਾਨ ਸਰਕਾਰ ਦੀ ਅਗਵਾਈ ਹੇਠ 'ਏ.ਆਈ. ਕ੍ਰਾਂਤੀ' ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਕੇ ਪੰਜਾਬ ਦੇ ਭਵਿੱਖ ਨੂੰ ਸੁਰੱਖਿਅਤ ਕਰੇਗੀ

# ਖੇਤੀਬਾੜੀ ਹੁਣ ਲਾਭਦਾਇਕ ਨਹੀਂ ਰਹੀ, ਕਿਸਾਨਾਂ ਨੂੰ ਸੰਕਟ ਤੋਂ ਬਚਾਉਣ ਲਈ ਏ.ਆਈ. ਬੇਹੱਦ ਜਰੂਰੀ: ਭਗਵੰਤ ਸਿੰਘ ਮਾਨ

**ਆਜ਼ਾਦ ਸੋਚ ਬਿਊਰੋ**
**ਲੁਧਿਆਣਾ, 20 ਮਾਰਚ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਰਟੀਫੀਸੀਅਲ ਇੰਟੈਲੀਜੈਂਸ (ਏਆਈ) ਨੂੰ ਪੰਜਾਬ ਦੀ ਖੇਤੀਬਾੜੀ ਲਈ ਅਗਲਾ ਫੈਸਲਾਕੁੰਨ ਮੋੜ ਦੱਸਿਆ। ਉਨ੍ਹਾਂ ਦਲੀਲ ਦਿੱਤੀ ਕਿ ਰਵਾਇਤੀ ਖੇਤੀ ਆਪਣੀਆਂ ਸੀਮਾਵਾਂ 'ਤੇ ਪਹੁੰਚ ਗਈ ਹੈ ਅਤੇ ਇਸ ਨਾਲ ਹੁਣ ਕਿਸਾਨਾਂ ਦੀ ਆਮਦਨ ਨੂੰ ਬਰਕਰਾਰ ਨਹੀਂ ਰੱਖਿਆ ਜਾ ਸਕਦਾ। ਖੇਤੀਬਾੜੀ ਵਿੱਚ ਤਕਨੀਕੀ ਦਖਲ ਲਈ ਇੱਕ ਠੋਸ ਦਲੀਲ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਕਦਮ ਦਾ ਉਦੇਸ ਘੱਟ ਰਹੇ ਮੁਨਾਫੇ ਵਿੱਚ ਵਾਧਾ ਕਰਨਾ, ਕੁਦਰਤੀ ਸਰੋਤਾਂ 'ਤੇ ਦਬਾਅ ਘਟਾਉਣਾ ਅਤੇ ਕਿਸਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨਾ ਹੈ।

ਇਸੇ ਦੌਰਾਨ, ਉਨ੍ਹਾਂ ਨੇ ਵਿਰੋਧੀ ਧਿਰ 'ਤੇ ਸਿਆਸੀ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਕੀਤੀ ਸਾਲਾਂ ਦੀ ਅਣਗਹਿਲੀ ਕਾਰਨ ਪੰਜਾਬ ਸੰਕਟ ਵੱਲ ਜਾਣ ਲਈ ਮਜ਼ਬੂਰ ਹੋ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਹੁਣ ਕਿਸਾਨਾਂ, ਬੁਨਿਆਦੀ ਢਾਂਚੇ ਅਤੇ ਭਲਾਈ 'ਤੇ ਕੇਂਦ੍ਰਿਤ ਸੁਧਾਰ-ਅਧਾਰਤ ਨੀਤੀਆਂ ਨਾਲ ਸੂਬੇ ਦਾ ਪੁਨਰ ਨਿਰਮਾਣ ਕਰ ਰਹੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਵਿਖੇ ਸੂਬਾ ਪੱਧਰੀ ਕਿਸਾਨ ਮੇਲੇ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੇਸ ਦਾ ਅੰਨਦਾਤਾ ਹੈ, ਜਿਸ ਨੇ ਭਾਰਤ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਬਣਾਇਆ ਹੈ। 1960 ਦੇ ਦਹਾਕੇ ਦੀ ਹਰੀ ਕ੍ਰਾਂਤੀ ਦੌਰਾਨ ਸੂਬੇ ਦੇ ਮਿਹਨਤਕਸ਼ ਕਿਸਾਨਾਂ ਨੇ ਇੱਕ ਨਵਾਂ ਅਧਿਆਇ ਲਿਖਿਆ। ਹਾਲਾਂਕਿ, ਦੇਸ ਦੀ ਸੇਵਾ ਕਰਦਿਆਂ




ਸੂਬੇ ਦੇ ਕਿਸਾਨਾਂ ਨੇ ਉਪਜਾਊ ਮਿੱਟੀ ਅਤੇ ਪਾਣੀ ਵਰਗੇ ਕੀਮਤੀ ਕੁਦਰਤੀ ਸਰੋਤਾਂ ਦੀ ਕੁਰਬਾਨੀ ਦਿੱਤੀ ਹੈ।"

ਉਨ੍ਹਾਂ ਖੇਤੀਬਾੜੀ ਵਿੱਚ ਵਧ ਰਹੇ ਸੰਕਟ ਦਾ ਜ਼ਿਕਰ ਕਰਦਿਆਂ, "ਮੁਨਾਫੇ ਦਾ ਮਾਰਜਿਨ ਘਟਣ ਨਾਲ, ਖੇਤੀਬਾੜੀ ਹੁਣ ਇੱਕ ਲਾਭਦਾਇਕ ਧੰਦਾ ਨਹੀਂ ਰਿਹਾ ਅਤੇ ਕਿਸਾਨ ਮੁੱਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸੰਘਰਸ ਕਰ ਰਹੇ ਹਨ। ਮੌਜੂਦਾ ਫਸਲ ਤਕਨਾਲੋਜੀਆਂ ਦੀ ਉਤਪਾਦਨ ਸਮਰੱਥਾ ਲਗਭਗ ਖਤਮ ਹੋ ਗਈ ਹੈ। ਖੇਤੀਬਾੜੀ ਆਮਦਨ ਵਿੱਚ ਵਾਧਾ ਕਰਨ ਅਤੇ ਸਰੋਤਾਂ 'ਤੇ ਨਿਰਭਰਤਾ ਨੂੰ ਘਟਾਉਣ ਲਈ, ਖੇਤੀਬਾੜੀ ਵਿੱਚ ਏਆਈ ਨੂੰ ਪੇਸ਼ ਕਰਨਾ ਜਰੂਰੀ ਹੈ।"

ਇਸ ਕਦਮ ਦੇ ਫਾਇਦਿਆਂ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ, "ਇਹ ਤਕਨਾਲੋਜੀ ਕਿਸਾਨਾਂ ਨੂੰ ਇਹ ਦੱਸਣ ਵਿੱਚ ਅਹਿਮ ਭੂਮਿਕਾ ਨਿਭਾਏਗੀ ਕਿ ਕਿਹੜੀਆਂ ਫਸਲਾਂ ਬੀਜਣੀਆਂ ਹਨ ਅਤੇ ਕਦੋਂ ਬੀਜਣੀਆਂ ਹਨ ਤਾਂ ਜੋ ਲਾਭ ਅਤੇ ਉਤਪਾਦਕਤਾ ਦੋਵਾਂ ਵਿੱਚ ਵਾਧਾ ਕੀਤਾ ਜਾ ਸਕੇ। ਪੰਜਾਬ ਹਮੇਸਾ ਨਵੀਨਤਾ ਨੂੰ ਅਪਣਾਉਣ ਵਿੱਚ ਮੋਹਰੀ ਰਿਹਾ ਹੈ ਅਤੇ ਏਆਈ ਇਸ ਖੇਤਰ ਵਿੱਚ ਕ੍ਰਾਂਤੀ ਲਿਆਵੇਗਾ। ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਇਸ ਦੀ ਸੁਰੂਆਤ ਸਮੇਂ ਦੀ ਲੋੜ ਹੈ।"

ਕਿਸਾਨ-ਪੱਖੀ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, "ਪਹਿਲੀ ਵਾਰ, ਝੋਨੇ ਦੇ ਸੀਜਨ ਦੌਰਾਨ ਖੇਤਾਂ ਦੇ ਟਿਊਬਵੈੱਲਾਂ ਨੂੰ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਗਈ। ਕਿਸਾਨਾਂ ਨੂੰ ਹੁਣ ਸਿੰਚਾਈ ਲਈ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲ ਰਹੀ ਹੈ। ਪੰਜਾਬ ਦੇ ਕਿਸਾਨਾਂ ਨੂੰ ਦੇਸ ਭਰ ਦੀ ਸਭ ਤੋਂ ਵੱਧ ਗੰਨੇ ਦੀ ਕੀਮਤ ਮਿਲ ਰਹੀ ਹੈ ਜੋ ਕਿ 416 ਪ੍ਰਤੀ ਕੁਇੰਟਲ ਹੈ। ਹਰ ਸਾਲ, ਕਣਕ ਅਤੇ ਝੋਨੇ ਦੀ ਖਰੀਦ ਲਈ ਕਿਸਾਨਾਂ ਨੂੰ ਲਗਭਗ 80,000 ਕਰੋੜ ਰੁਪਏ ਦਾ ਭੁਗਤਾਨ ਕੀਤਾ ਜਾਂਦਾ ਹੈ ਅਤੇ ਇਹ ਭੁਗਤਾਨ ਸਿੱਧਾ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 24 ਘੰਟਿਆਂ ਦੇ ਅੰਦਰ ਕੀਤਾ ਜਾਂਦਾ ਹੈ। ਸਾਲ 2022 ਅਤੇ 2025 ਦਰਮਿਆਨ, ਨਹਿਰ ਦੀ ਲਾਈਨਿੰਗ, ਮੁਰੰਮਤ ਅਤੇ ਆਧੁਨਿਕੀਕਰਨ 'ਤੇ 6,700 ਕਰੋੜ ਰੁਪਏ ਖਰਚ ਕੀਤੇ ਗਏ ਹਨ ਜੋ ਕਿ ਪਿਛਲੇ ਸਾਲਾਂ ਨਾਲੋਂ 300 ਫੀਸਦ ਵੱਧ ਹੈ। 2022 ਵਿੱਚ ਨਹਿਰੀ ਸਿੰਚਾਈ ਦੀ ਵਰਤੋਂ 20.90 ਲੱਖ ਏਕੜ ਵਿੱਚ ਕੀਤੀ ਜਾਂਦੀ ਸੀ ਅਤੇ ਇਹ ਹੁਣ ਵੱਧ ਕੇ 58 ਲੱਖ ਏਕੜ ਹੋ ਗਈ ਹੈ।"

**• ਪੰਜਾਬ ਨੇ ਆਪਣੀ ਮਿੱਟੀ ਅਤੇ ਪਾਣੀ ਨੂੰ ਦਾਅ 'ਤੇ ਲਗਾ ਕੇ ਦੇਸ ਦਾ ਪੇਟ ਭਰਿਆ, ਕਿਸਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨਾ ਸਮੇਂ ਦੀ ਮੁੱਖ ਲੋੜ: ਮੁੱਖ ਮੰਤਰੀ ਭਗਵੰਤ ਸਿੰਘ ਮਾਨ • ਨਸ਼ਿਆਂ ਅਤੇ ਅਪਰਾਧ ਨੂੰ ਸਰਪ੍ਰਸਤੀ ਦੇਣ ਵਾਲੇ ਆਗੂ ਪੰਜਾਬ ਨੂੰ ਦੁਬਾਰਾ ਬਰਬਾਦ ਕਰਨ ਲਈ ਇਕਜੁੱਟ ਹੋ ਰਹੇ ਹਨ, ਲੋਕਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ: ਮੁੱਖ ਮੰਤਰੀ**

ਸਿੰਚਾਈ ਦੇ ਵਿਸਥਾਰ 'ਤੇ ਜੋਰ ਦਿੰਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਨਹਿਰਾਂ ਦੀ ਸਿੰਚਾਈ ਸਮਰੱਥਾ ਦੁੱਗਣੀ ਹੋ ਗਈ ਹੈ, ਸਿੰਚਾਈ ਵਾਲਾ ਖੇਤਰ 2022 ਵਿੱਚ 2.23 ਮਿਲੀਅਨ ਏਕੜ ਤੋਂ ਵੱਧ ਕੇ 2025 ਵਿੱਚ 5.8 ਮਿਲੀਅਨ ਏਕੜ ਹੋ ਗਿਆ ਹੈ। 15,539 ਨਹਿਰਾਂ ਦੀ ਸਫਾਈ ਕੀਤੀ ਗਈ ਹੈ ਅਤੇ 18,349 ਖਾਲਿਆਂ ਨੂੰ ਬਹਾਲ ਕੀਤਾ ਗਿਆ ਹੈ। ਦਹਾਕਿਆਂ ਬਾਅਦ ਨਹਿਰੀ ਪਾਣੀ 1,444 ਪਿੰਡਾਂ ਤੱਕ ਪਹੁੰਚਿਆ ਹੈ। ਇਸ ਤੋਂ ਇਲਾਵਾ, 545 ਕਿਲੋਮੀਟਰ ਵਿੱਚ ਫੈਲੀਆਂ 101 ਬੰਦ ਪਈਆਂ ਨਹਿਰਾਂ ਨੂੰ ਮੁੜ ਸੁਰਜੀਤ ਕੀਤਾ ਗਿਆ ਹੈ ਅਤੇ ਫਿਰੋਜਪੁਰ ਫੀਡਰ ਨਹਿਰ ਨੂੰ ਰਿਕਾਰਡ 35 ਦਿਨਾਂ ਵਿੱਚ ਅਪਗ੍ਰੇਡ ਕੀਤਾ ਗਿਆ ਹੈ ਜਿਸ ਨਾਲ ਇਸ ਦੀ ਸਮਰੱਥਾ ਵਿੱਚ 2,682 ਕਿਊਸਿਕ ਦਾ ਵਾਧਾ ਹੋਇਆ ਹੈ।"

ਉਨ੍ਹਾਂ ਅੱਗੇ ਕਿਹਾ ਕਿ 75 ਸਾਲਾਂ ਬਾਅਦ, ਸਰਹਿੰਦ ਨਹਿਰ ਨੂੰ ਅਪਗ੍ਰੇਡ ਕੀਤਾ ਗਿਆ ਹੈ, ਜਿਸ ਨਾਲ ਇਸਦੀ ਸਮਰੱਥਾ 2,844 ਕਿਊਸਿਕ ਵਧ ਗਈ ਹੈ। 22 ਕਿਲੋਮੀਟਰ ਲੰਬੀ ਸਰਹਾਲੀ ਮਾਈਨਰ ਨਹਿਰ, ਜੋ ਦਹਾਕਿਆਂ ਤੋਂ ਜ਼ਮੀਨਦੋਜ਼ ਸੀ, ਨੂੰ ਲੱਭ ਕੇ ਦੁਬਾਰਾ ਚਾਲੂ ਕਰ ਦਿੱਤਾ ਗਿਆ ਹੈ। ਭਾਖੜਾ ਨਹਿਰ ਦੀ ਸਮਰੱਥਾ 9,500 ਕਿਊਸਿਕ ਹੈ, ਪਰ ਅਸੀਂ ਸਪਲਾਈ ਵਧਾ ਕੇ 10,000 ਕਿਊਸਿਕ ਕਰ ਦਿੱਤੀ ਹੈ, ਜਿਸ ਨਾਲ ਇੱਕ ਵੀ ਇੰਚ ਜ਼ਮੀਨ ਪ੍ਰਾਪਤ ਕੀਤੇ ਬਿਨਾਂ ਇੱਕ ਨਵੀਂ ਨਹਿਰ ਪ੍ਰਭਾਵਸ਼ਾਲੀ ਢੰਗ ਨਾਲ ਬਣਾਈ ਗਈ ਹੈ। ਦਹਾਕਿਆਂ ਤੋਂ ਕਿਸਾਨ ਸਿੰਚਾਈ ਲਈ ਪਾਣੀ ਦੀ ਵਾਰੀ 'ਤੇ ਨਿਰਭਰ ਸਨ, ਪਰ ਇਹ ਪ੍ਰਣਾਲੀ ਹੁਣ ਖਤਮ ਹੋ ਗਈ ਹੈ, ਜਿਸ ਨਾਲ ਵੱਡੀ ਰਾਹਤ ਮਿਲੀ ਹੈ। ਦੇਸ਼ ਦੀ ਖੇਤੀਬਾੜੀ ਜ਼ਮੀਨ ਦਾ ਸਿਰਫ਼ 3 ਫੀਸਦੀ ਹੋਣ ਦੇ ਬਾਵਜੂਦ, ਪੰਜਾਬ ਰਾਸ਼ਟਰੀ ਪੂਲ ਵਿੱਚ ਲਗਭਗ 40 ਫੀਸਦੀ ਕਣਕ ਅਤੇ 31 ਫੀਸਦੀਦ ਚੌਲਾਂ ਦਾ ਯੋਗਦਾਨ ਪਾਉਂਦਾ ਹੈ। ਪੰਜਾਬ ਨੂੰ ਭਾਰਤ ਦਾ ਅੰਨਦਾਤਾ ਕਿਹਾ ਜਾਂਦਾ ਹੈ ਅਤੇ ਕਿਸਾਨਾਂ ਦੇ ਨਾਲ-ਨਾਲ ਪੀ.ਏ.ਯੂ. ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ।"

ਅਕਾਦਮਿਕ ਉੱਤਮਤਾ ਦਾ ਜ਼ਿਕਰ ਕਰਦਿਆ ਉਨ੍ਹਾਂ ਕਿਹਾ, "ਰਾਸ਼ਟਰੀ ਸੰਸਥਾਗਤ ਦਰਜਾਬੰਦੀ ਢਾਂਚੇ ਦੇ ਅਨੁਸਾਰ, ਪੀਏਯੂ 2023, 2024 ਅਤੇ 2025 ਵਿੱਚ 75 ਜਨਤਕ ਖੇਤੀਬਾੜੀ ਯੂਨੀਵਰਸਿਟੀਆਂ ਵਿੱਚੋਂ ਪਹਿਲੇ ਸਥਾਨ 'ਤੇ ਰਹੀ । ਐਜੂ ਰੈਂਕ ਦੇ ਅਨੁਸਾਰ, ਇਹ ਵਿਸ਼ਵ ਪੱਧਰ 'ਤੇ ਚੋਟੀ ਦੀਆਂ 100 ਸੰਸਥਾਵਾਂ ਵਿੱਚੋਂ ਇੱਕ ਹੈ। ਸਰਕਾਰ ਆਪਣੇ ਬੁਨਿਆਦੀ ਢਾਂਚੇ ਨੂੰ ਹੋਰ ਅਪਗ੍ਰੇਡ ਕਰਨ ਲਈ ਵਚਨਬੱਧ ਹੈ।"

## ਆਯੂਸ਼ਮਨ ਭਾਰਤ ਸਕੀਮ ਵਿੱਚ ਸ਼ਰਤਾਂ ਲਾਗੂ, ਜਦੋਂ ਕਿ 'ਆਪ' ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਬਿਨਾਂ ਕਿਸੇ ਪਾਬੰਦੀ ਦੇ 10 ਲੱਖ ਰੁਪਏ ਦੇ ਨਕਦ ਰਹਿਤ ਇਲਾਜ ਦੀ ਗਰੰਟੀ ਦਿੰਦੀ ਹੈ, ਫਰਕ ਇਰਾਦੇ ਵਿੱਚ ਹੈ: ਮੁੱਖ ਮੰਤਰੀ

ਚੰਡੀਗੜ੍ਹ, 20 ਮਾਰਚ (ਆਜ਼ਾਦ ਸੋਚ ਬਿਊਰੋ):'ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ' ਲੜੀ ਨੂੰ ਜਾਰੀ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਿਹਤ ਖੇਤਰ ਦਾ ਚਾਰ ਸਾਲਾਂ ਦਾ ਰਿਪੋਰਟ ਕਾਰਡ ਪੇਸ਼ ਕੀਤਾ। ਇਸ ਤੋਂ ਪਹਿਲਾਂ ਖੇਤੀਬਾੜੀ ਅਤੇ ਸਿੰਜਾਈ ਵਿੱਚ 'ਆਪ' ਸਰਕਾਰ ਦੇ ਕੰਮ ਦਾ ਵੇਰਵਾ ਦਿੱਤਾ ਗਿਆ ਸੀ। 'ਸ਼ਰਤਾਂ ਵਾਲੀ' ਆਯੂਸ਼ਮਨ ਭਾਰਤ ਅਤੇ 'ਆਪ' ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਵਿਚਕਾਰ ਫਰਕ ਦਰਸਾਉਂਦੇ ਹੋਏ ਉਨ੍ਹਾਂ ਮੁੱਖ ਮੰਤਰੀ ਸਿਹਤ ਯੋਜਨਾ ਨੂੰ ਸਰਬ ਵਿਆਪਕ, ਪਹੁੰਚਯੋਗ ਸਿਹਤ ਸੰਭਾਲ ਦੇ ਮਾਡਲ ਵਜੋਂ ਪੇਸ਼ ਕੀਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਫ਼ਰਕ ਇਰਾਦੇ ਤੇ ਡਿਲੀਵਰੀ ਵਿੱਚ ਹੈ।

ਡੇਟਾ-ਆਧਾਰਤ ਨਤੀਜੇ ਪੇਸ਼ ਕਰਦੇ ਹੋਏ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ 'ਆਪ' ਸਰਕਾਰ ਐਲਾਨਾਂ ਤੋਂ ਅੱਗੇ ਵਧ ਕੇ ਜ਼ਮੀਨੀ ਪੱਧਰ 'ਤੇ ਸਪੱਸ਼ਟ ਬਦਲਾਅ ਲਿਆ ਰਹੀ ਹੈ, ਜਿਸ ਵਿੱਚ ਬਿਨਾਂ ਕਿਸੇ ਪਾਬੰਦੀ ਦੇ 10 ਲੱਖ ਰੁਪਏ ਦੇ ਨਕਦ



ਰਹਿਤ ਇਲਾਜ ਦੀ ਗਰੰਟੀ ਤੋਂ ਲੈ ਕੇ ਇਕ ਅਜਿਹੀ ਪ੍ਰਣਾਲੀ ਬਣਾਈ ਜਾ ਰਹੀ ਹੈ, ਜਿਸ ਨੂੰ ਲੋਕ ਸਰਗਰਮੀ ਨਾਲ ਵਰਤ ਰਹੇ ਹਨ ਅਤੇ ਭਰੋਸਾ ਕਰਦੇ ਹਨ। ਗਲਤ ਜਾਣਕਾਰੀ ਫੈਲਾਉਣ ਵਾਲਿਆਂ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਅਫਵਾਹਾਂ ਫੈਲਾਉਣ ਵਾਲੇ ਪੰਜਾਬ ਨੂੰ ਸਿਹਤਮੰਦ ਨਹੀਂ ਦੇਖਣਾ ਚਾਹੁੰਦੇ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੁੱਖ ਮੰਤਰੀ ਸਿਹਤ ਯੋਜਨਾ ਸਾਰਿਆਂ ਦੀ ਭਲਾਈ ਲਈ ਵਿਆਪਕ ਸਿਹਤ ਸੰਭਾਲ ਸਕੀਮ ਹੈ ਅਤੇ ਇਸ ਬਾਰੇ ਅਫਵਾਹਾਂ ਫੈਲਾਉਣ ਵਾਲੇ ਪੰਜਾਬ ਨੂੰ ਸਿਹਤਮੰਦ ਨਹੀਂ ਦੇਖਣਾ ਚਾਹੁੰਦੇ।" ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਇਹ ਯੋਜਨਾ ਯਕੀਨੀ ਬਣਾਉਣ ਲਈ ਸ਼ੁਰੂ ਕੀਤੀ ਹੈ ਕਿ ਸਾਰੇ ਨਿਵਾਸੀਆਂ ਖ਼ਾਸ ਕਰ ਕੇ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਮਿਆਰੀ ਇਲਾਜ ਤੱਕ ਸਿੱਧੀ ਪਹੁੰਚ ਮਿਲੇ। ਉਨ੍ਹਾਂ ਅੱਗੇ ਕਿਹਾ ਕਿ "ਵਿਆਪਕ ਸਿਹਤ ਸੰਭਾਲ ਲਈ ਅਸੀਂ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ, ਜੋ ਦੇਸ਼ ਦੀ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ। ਇਹ ਪੰਜਾਬ ਵਾਸੀ ਹਰੇਕ ਪਰਿਵਾਰ ਲਈ 10 ਲੱਖ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਮੁਹੱਈਆ ਕਰਦੀ ਹੈ।"

ਇਸ ਨੂੰ ਮਾਣ ਵਾਲੀ ਗੱਲ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਪੰਜਾਬ ਅਜਿਹਾ ਵਿਆਪਕ ਸਿਹਤ ਸੰਭਾਲ ਕਵਰੇਜ ਪ੍ਰਦਾਨ ਕਰਨ ਵਾਲਾ ਪਹਿਲਾ ਭਾਰਤੀ ਸੂਬਾ ਹੈ, ਜੋ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਉਂਦੇ ਹੋਏ ਜਨਤਾ 'ਤੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾ ਰਿਹਾ ਹੈ।"

# ਭਾਰਤ ਦਾ ਦੂਜਾ ਸਭ ਤੋਂ ਵੱਡਾ ਟਾਟਾ ਸਟੀਲ ਪਲਾਂਟ ਪੰਜਾਬ ਵਿੱਚ ਕਾਰਜਸ਼ੀਲ, ਹਜ਼ਾਰਾਂ ਨੌਜਵਾਨਾਂ ਨੂੰ ਮਿਲੇਗਾ ਰੋਜ਼ਗਾਰ



**ਆਜ਼ਾਦ ਸੋਚ**
**ਜੇ.ਐਸ.ਖੰਨਾ/ਲੁਧਿਆਣਾ, 20 ਮਾਰਚ**

'ਆਪ' ਦੀ ਅਗਵਾਈ ਵਾਲੀ ਸਰਕਾਰ ਅਧੀਨ ਪੰਜਾਬ ਦੀ ਉਦਯੋਗਿਕ ਸੁਰਜੀਤੀ ਨੂੰ ਭਰਪੂਰ ਹੁਲਾਰਾ ਮਿਲਿਆ ਹੈ ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੁਧਿਆਣਾ ਵਿੱਚ ਭਾਰਤ ਦੇ ਦੂਜੇ ਸਭ ਤੋਂ ਵੱਡੇ ਪਲਾਂਟ ਦਾ ਉਦਘਾਟਨ ਕੀਤਾ, ਜੋ ਫੈਸਲਾਕੁੰਨ ਨੀਤੀ ਦਾ ਪ੍ਰਤੱਖ ਪ੍ਰਮਾਣ ਹੈ। ਦੇਸ਼ ਵਿੱਚ ਪਹਿਲੀ ਵਾਰ ਹਜ਼ਾਰਾਂ ਨੌਕਰੀਆਂ ਦੇ ਵਾਅਦੇ ਅਤੇ ਗਰੀਨ ਊਰਜਾ-ਸੰਚਾਲਿਤ ਸਟੀਲ ਉਤਪਾਦਨ ਸ਼ੁਰੂ ਹੋਇਆ ਹੈ। ਮੁੱਖ ਮੰਤਰੀ ਨੇ ਪਿਛਲੀਆਂ ਸਰਕਾਰਾਂ ਨੂੰ ਘੇਰਦਿਆਂ ਜ਼ੋਰ ਦੇ ਕੇ ਕਿਹਾ ਕਿ ਜੋ ਉਦਯੋਗ ਕਦੇ ਗਲਤ ਨੀਤੀਆਂ ਕਾਰਨ ਪੰਜਾਬ ਚੋਂ ਬਾਹਰ ਗਏ ਸਨ, ਉਹ ਹੁਣ ਉਦਯੋਗ-ਪੱਖੀ ਸ਼ਾਸਨ ਅਧੀਨ ਵਾਪਸ ਆ ਰਹੇ ਹਨ। 3200 ਕਰੋੜ ਰੁਪਏ ਦੀ ਲਾਗਤ ਨਾਲ ਲੁਧਿਆਣਾ ਵਿੱਚ ਸਥਾਪਿਤ ਇਹ ਪਲਾਂਟ ਪੰਜਾਬ ਦੀ ਉਦਯੋਗਿਕ ਨੁਹਾਰ ਨੂੰ ਬਦਲਣ ਵੱਲ ਵੱਡਾ ਕਦਮ ਹੈ।

**• ਅਕਤੂਬਰ 2023 ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੁਧਿਆਣਾ ਵਿੱਚ ਰੱਖਿਆ ਸੀ ਨੀਂਹ ਪੱਥਰ ਅਤੇ ਅੱਜ ਕੀਤਾ ਉਦਘਾਟਨ • 2700 ਨੌਜਵਾਨਾਂ ਨੂੰ ਸਿੱਧੇ ਤੌਰ 'ਤੇ ਅਤੇ 10 ਹਜਾਰ ਨੌਜਵਾਨਾਂ ਨੂੰ ਅਸਿੱਧੇ ਤੌਰ 'ਤੇ ਮਿਲੇਗਾ ਰੋਜ਼ਗਾਰ: ਮੁੱਖ ਮੰਤਰੀ ਭਗਵੰਤ ਸਿੰਘ ਮਾਨ • ਪੰਜਾਬ ਦੇ ਨੌਜਵਾਨਾਂ ਨੂੰ ਹੁਣ ਘਰ ਵਿੱਚ ਹੀ ਮਿਲ ਰਹੀਆਂ ਹਨ ਨੌਕਰੀਆਂ, ਦੇਸ਼ ਛੱਡ ਕੇ ਵਿਦੇਸ਼ ਜਾਣ ਦੀ ਨਹੀਂ ਕੋਈ ਲੋੜ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

ਟਾਟਾ ਸਟੀਲ ਦੇ ਦੂਜੇ ਸਭ ਤੋਂ ਵੱਡੇ ਪਲਾਂਟ ਦਾ ਉਦਘਾਟਨ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, "ਇਹ ਇੱਕ ਯਾਦਗਾਰੀ ਦਿਨ ਹੈ ਕਿਉਂਕਿ ਸੂਬੇ ਦੇ ਆਰਥਿਕ ਵਿਕਾਸ ਨੂੰ ਵੱਡਾ ਹੁਲਾਰਾ ਦੇਣ ਦਾ ਇਤਿਹਾਸ ਰਚਿਆ ਗਿਆ ਹੈ। ਅੱਜ ਪੰਜਾਬ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ ਇਸ ਇਲੈਕਟ੍ਰਿਕ ਆਰਕ ਫਰਨੇਸ-ਅਧਾਰਤ ਪਲਾਂਟ ਰਾਹੀਂ ਗਰੀਨ ਊਰਜਾ ਦੀ ਵਰਤੋਂ ਕਰਕੇ ਸਟੀਲ ਉਤਪਾਦਨ ਸ਼ੁਰੂ ਕੀਤਾ ਹੈ। ਇਹ ਪੰਜਾਬ ਲਈ ਇਤਿਹਾਸਕ ਤੇ ਵਿਸ਼ੇਸ਼ ਦਿਨ ਹੈ ਕਿਉਂਕਿ ਟਾਟਾ ਸਟੀਲ ਨੇ ਸਿੱਧੇ ਤੌਰ 'ਤੇ 2600 ਤੋਂ 2700 ਪਰਿਵਾਰਾਂ ਅਤੇ ਅਸਿੱਧੇ ਤੌਰ 'ਤੇ 8000-10000 ਪਰਿਵਾਰਾਂ ਦੇ ਭਵਿੱਖ ਨੂੰ ਰੌਸ਼ਨ ਕਰਨ ਦੀ ਜ਼ਿੰਮੇਵਾਰੀ ਲਈ ਹੈ। ਇਹ ਵਿਸ਼ਵ ਪੱਧਰੀ ਪਲਾਂਟ ਅਤਿ-ਆਧੁਨਿਕ ਗਰੀਨ ਊਰਜਾ ਤਕਨਾਲੋਜੀ ਨਾਲ ਲੈਸ ਹੈ।"

ਟਾਟਾ ਸਟੀਲ ਟੀਮ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਕਿਹਾ, " ਟਾਟਾ ਸਟੀਲ ਵਰਗੀ ਕੰਪਨੀ ਦਾ ਕਿਸੇ ਰਾਜ ਵਿੱਚ ਨਿਵੇਸ਼ ਕਰਨਾ ਉਸ ਦੇ ਭਵਿੱਖ ਵਿੱਚ ਵਿਸ਼ਵਾਸ, ਭਰੋਸੇਯੋਗਤਾ ਨੂੰ ਦਰਸਾਉਂਦਾ ਹੈ। ਟਾਟਾ ਸਟੀਲ ਦੀ ਮੌਜੂਦਗੀ ਸਪੱਸ਼ਟ ਸੰਦੇਸ਼ ਦਿੰਦੀ ਹੈ ਕਿ ਪੰਜਾਬ ਉਦਯੋਗਿਕ ਵਿਕਾਸ ਦੇ ਅਗਲੇ ਪੜਾਅ ਲਈ ਤਿਆਰ ਹੈ। ਇਹ ਨਿਵੇਸ਼ ਸਿਰਫ਼ ਇੱਕ ਪ੍ਰਾਜੈਕਟ ਨਹੀਂ ਹੈ, ਸਗੋਂ ਪੰਜਾਬ ਦੇ ਨੌਜਵਾਨਾਂ, ਸਾਡੇ ਇੰਜੀਨੀਅਰਾਂ, ਸਾਡੇ ਹੁਨਰਮੰਦ ਕਰਮਚਾਰੀਆਂ ਅਤੇ ਪੰਜਾਬ ਦੇ ਨਿਰਮਾਣ ਖੇਤਰ ਨੂੰ ਮਜ਼ਬੂਤ ਬਣਾਉਣ ਦਾ ਸੁਨਹਿਰੀ ਮੌਕਾ ਹੈ।"

ਭਵਿੱਖ ਦੇ ਦ੍ਰਿਸ਼ਟੀਕੋਣ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਅੱਗੇ ਕਿਹਾ, "ਪੰਜਾਬ ਹਮੇਸ਼ਾ ਉੱਦਮੀਆਂ ਦੀ ਧਰਤੀ ਰਿਹਾ ਹੈ ਅਤੇ ਲੁਧਿਆਣਾ ਵਰਗੇ ਸ਼ਹਿਰ ਉਨ੍ਹਾਂ ਦੀ ਉੱਦਮੀ ਭਾਵਨਾ, ਸਖ਼ਤ ਮਿਹਨਤ ਅਤੇ ਨਿਰਮਾਣ ਸ਼ਕਤੀ ਲਈ ਵਿਸ਼ਵ ਪੱਧਰ 'ਤੇ ਜਾਣੇ ਜਾਂਦੇ ਹਨ। ਟਾਟਾ ਸਟੀਲ ਪਲਾਂਟ ਵਰਗੀਆਂ ਆਧੁਨਿਕ ਸਹੂਲਤਾਂ ਨਾਲ ਅਸੀਂ ਆਪਣੀ ਵਿਰਾਸਤ ਨੂੰ ਹੋਰ ਮਜ਼ਬੂਤ ਕਰ ਰਹੇ ਹਾਂ ਅਤੇ ਪੰਜਾਬ ਨੂੰ ਭਵਿੱਖ ਨਿਰਮਾਣ ਲਈ ਤਿਆਰ ਕਰ ਰਹੇ ਹਾਂ। ਇਹ ਭਾਰਤ ਵਿੱਚ ਟਾਟਾ ਸਟੀਲ ਦਾ ਪਹਿਲਾ ਇਲੈਕਟ੍ਰਿਕ ਆਰਕ ਫਰਨੇਸ-ਅਧਾਰਤ ਪਲਾਂਟ ਹੈ, ਜੋ ਦਰਸਾਉਂਦਾ ਹੈ ਕਿ ਪੰਜਾਬ ਸਿਰਫ਼ ਨਿਵੇਸ਼ ਹੀ ਨਹੀਂ, ਸਗੋਂ ਆਧੁਨਿਕ ਅਤੇ ਭਵਿੱਖ ਲਈ ਤਿਆਰ ਨਿਵੇਸ਼ ਵੀ ਆਕਰਸ਼ਿਤ ਕਰ ਰਿਹਾ ਹੈ। ਅਜਿਹਾ ਉਤਪਾਦਨ ਕੁਸ਼ਲਤਾ, ਸਥਿਰਤਾ ਅਤੇ ਸਰੋਤਾਂ ਦੀ ਬਿਹਤਰ ਵਰਤੋਂ ਵੱਲ ਵਿਸ਼ਵਵਿਆਪੀ ਤਬਦੀਲੀ ਨੂੰ ਦਰਸਾਉਂਦਾ ਹੈ।"ਸਰਕਾਰ ਦੇ ਉਦਯੋਗਿਕ ਦ੍ਰਿਸ਼ਟੀਕੋਣ ਨੂੰ ਦੁਹਰਾਉਂਦਿਆਂ ਉਨ੍ਹਾਂ ਜ਼ੋਰ ਦੇ ਕੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਪੰਜਾਬ ਭਾਰਤ ਦੇ ਸਭ ਤੋਂ ਪਸੰਦੀਦਾ ਉਦਯੋਗਿਕ ਸਥਾਨਾਂ ਵਿੱਚੋਂ ਇੱਕ ਬਣੇ। ਅਸੀਂ ਚਾਹੁੰਦੇ ਹਾਂ ਕਿ ਕੰਪਨੀਆਂ ਪੰਜਾਬ ਨੂੰ ਸਿਰਫ਼ ਇੱਕ ਬਾਜ਼ਾਰ ਵਜੋਂ ਹੀ ਨਹੀਂ, ਸਗੋਂ ਇੱਕ ਲੰਬੇ ਸਮੇਂ ਦੇ ਨਿਰਮਾਣ ਭਾਈਵਾਲ ਵਜੋਂ ਦੇਖਣ। ਟਾਟਾ ਗਰੁੱਪ ਵਿਸ਼ਵ ਪੱਧਰ 'ਤੇ ਆਪਣੀ ਸਮਾਜਿਕ ਜ਼ਿੰਮੇਵਾਰੀ ਲਈ ਜਾਣਿਆ ਜਾਂਦਾ ਹੈ ਅਤੇ ਰਤਨ ਟਾਟਾ ਨੇ ਹਮੇਸ਼ਾ ਇਸ ਸਬੰਧ ਵਿੱਚ ਅੱਗੇ ਹੋ ਕੇ ਅਗਵਾਈ ਕੀਤੀ ਹੈ।"

# ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ ਦੀ ਉਸਾਰੀ ਜਲਦ ਸ਼ੁਰੂ ਹੋਵੇਗੀ: ਹਰਪਾਲ ਸਿੰਘ ਚੀਮਾ



**ਆਜ਼ਾਦ ਸੋਚ**
**ਆਜ਼ਾਦ ਸੋਚ ਬਿਊਰੋ**
**ਜਲੰਧਰ, 20 ਮਾਰਚ**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਜਲੰਧਰ ਜ਼ਿਲ੍ਹੇ ਦੇ ਡੇਰਾ ਸੱਚਖੰਡ ਬੱਲਾਂ ਨੇੜੇ ਬਣਨ ਵਾਲੇ 'ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ' ਦਾ ਨਿਰਮਾਣ ਕਾਰਜ ਇਸ ਦਾ ਅਧਿਕਾਰਤ ਨਕਸ਼ਾ (ਲੇਆਊਟ ਪਲਾਨ) ਤਿਆਰ ਹੋਣ ਤੋਂ ਬਾਅਦ ਜਲਦ ਹੀ ਸ਼ੁਰੂ ਹੋ ਜਾਵੇਗਾ। ਇਹ ਐਲਾਨ ਉਨ੍ਹਾਂ ਨੇ ਡੇਰਾ ਸੱਚਖੰਡ ਬੱਲਾਂ ਦੇ ਦੌਰੇ ਦੌਰਾਨ ਕੀਤਾ, ਜਿੱਥੇ ਉਨ੍ਹਾਂ ਨੇ ਖੁਦ ਪ੍ਰਸਤਾਵਿਤ ਨਕਸ਼ੇ ਦੀ ਸਮੀਖਿਆ ਕੀਤੀ ਅਤੇ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲਿਆ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਾਣਕਾਰੀ ਦਿੱਤੀ ਕਿ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਸਰਕਾਰ ਨੇ ਪਿੰਡ ਨੌਗੱਜਾ ਅਤੇ ਫਰੀਦਪੁਰ ਵਿੱਚ 10.50 ਏਕੜ ਜ਼ਮੀਨ ਦਾ ਕਬਜ਼ਾ ਲੈ ਲਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਲੇਆਊਟ ਪਲਾਨ ਨੂੰ ਡੇਰੇ ਦੇ ਮੌਜੂਦਾ ਮੁਖੀ ਸੰਤ ਨਿਰੰਜਨ ਦਾਸ ਜੀ ਵੱਲੋਂ ਰਸਮੀ ਸਹਿਮਤੀ ਦੇ ਦਿੱਤੀ ਗਈ ਹੈ, ਜਿਸ ਨਾਲ ਵਿਕਾਸ ਦੇ ਅਗਲੇ ਪੜਾਅ ਦਾ ਰਾਹ ਪੱਧਰਾ ਹੋ ਗਿਆ ਹੈ।

ਉਨ੍ਹਾਂ ਕਿਹਾ, "ਟੈਂਡਰ ਪ੍ਰਕਿਰਿਆ ਜਲਦੀ ਮੁਕੰਮਲ ਕਰ ਲਈ ਜਾਵੇਗੀ ਤਾਂ ਜੋ ਪ੍ਰੋਜੈਕਟ ਦੀ ਉਸਾਰੀ ਰਸਮੀ ਤੌਰ 'ਤੇ ਸ਼ੁਰੂ ਕੀਤੀ ਜਾ ਸਕੇ। ਇਹ ਕੇਂਦਰ ਸਿੱਖਿਆ ਅਤੇ ਅਧਿਆਤਮਿਕ ਖੋਜ ਲਈ ਇੱਕ ਵਿਆਪਕ ਹੱਬ ਵਜੋਂ ਤਿਆਰ ਕੀਤਾ ਜਾਵੇਗਾ। ਇਸ ਕੇਂਦਰ ਵਿੱਚ ਆਧੁਨਿਕ ਕਲਾਸਰੂਮਾਂ ਨਾਲ ਲੈਸ ਇੱਕ ਪ੍ਰਬੰਧਕੀ ਬਲਾਕ, ਇੱਕ ਸਮਰਪਿਤ ਲਾਇਬ੍ਰੇਰੀ ਅਤੇ ਵਿਸ਼ੇਸ਼ ਕੋਚਿੰਗ ਸਹੂਲਤਾਂ ਹੋਣਗੀਆਂ, ਜਿੱਥੇ 500 ਵਿਦਿਆਰਥੀ ਇੱਕੋ ਸਮੇਂ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਦਾ ਅਧਿਐਨ ਕਰ ਸਕਣਗੇ। ਇਸ ਤੋਂ ਇਲਾਵਾ, ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਸਿੱਖਿਆਵਾਂ ਅਤੇ ਫਲਸਫੇ ਨਾਲ ਸਬੰਧਤ ਸਮੱਗਰੀ ਅਤੇ ਵਸਤਾਂ ਦੀ ਪ੍ਰਦਰਸ਼ਨੀ ਲਈ ਇੱਕ ਵਿਸ਼ੇਸ਼ 'ਗੁਰੂ ਰਵਿਦਾਸ ਬਾਣੀ ਇੰਟਰਪ੍ਰੀਟੇਸ਼ਨ ਹਾਲ' ਵੀ ਬਣਾਇਆ ਜਾਵੇਗਾ।

**ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪ੍ਰੋਜੈਕਟ ਦੇ ਨਕਸ਼ਿਆਂ ਦੀ ਸਮੀਖਿਆ ਲਈ ਡੇਰਾ ਸੱਚਖੰਡ ਬੱਲਾਂ ਦਾ ਕੀਤਾ ਦੌਰਾ**

ਪ੍ਰੋਜੈਕਟ ਦੇ ਵਿਸ਼ਾਲ ਦ੍ਰਿਸ਼ਟੀਕੋਣ ਬਾਰੇ ਦੱਸਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਂਪਸ ਵਿੱਚ ਰਿਹਾਇਸ਼ੀ ਅਤੇ ਮਨੋਰੰਜਨ ਦੀਆਂ ਵੀ ਪੂਰੀਆਂ ਸਹੂਲਤਾਂ ਹੋਣਗੀਆਂ। ਉਨ੍ਹਾਂ ਅੱਗੇ ਦੱਸਿਆ, ÷ਕੈਂਪਸ ਵਿੱਚ ਲੜਕਿਆਂ ਅਤੇ ਲੜਕੀਆਂ ਲਈ ਵੱਖਰੇ ਹੋਸਟਲ, ਅਧਿਆਪਕਾਂ ਲਈ ਰਿਹਾਇਸ਼ੀ ਕੁਆਰਟਰ, ਇੱਕ ਕੰਟੀਨ ਅਤੇ ਵਾਲੀਬਾਲ ਤੇ ਬਾਸਕਟਬਾਲ ਦੇ ਵਿਸ਼ੇਸ਼ ਮੈਦਾਨ ਵੀ ਸ਼ਾਮਲ ਹੋਣਗੇ।÷

ਇਸ ਪਹਿਲਕਦਮੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਹ ਪ੍ਰੋਜੈਕਟ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ।

ਉਨ੍ਹਾਂ ਦ੍ਰਿੜਤਾ ਨਾਲ ਕਿਹਾ, "ਪੰਜਾਬ ਸਰਕਾਰ ਗੁਰੂ ਜੀ ਦੀ ਅਧਿਆਤਮਿਕ ਅਤੇ ਸਮਾਜਿਕ ਵਿਰਾਸਤ ਨੂੰ ਸੰਭਾਲਣ ਅਤੇ ਪ੍ਰਫੁੱਲਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਵਿਸ਼ਵ ਪੱਧਰੀ ਸਟੱਡੀ ਸੈਂਟਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਵਿੱਤਰ ਬਾਣੀ ਨਾਲ ਜੋੜਨ ਅਤੇ ਇਸ ਸੰਦੇਸ਼ ਨੂੰ ਵਿਸ਼ਵ ਪੱਧਰ 'ਤੇ ਲਿਜਾਣ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ।

ਵਿੱਤ ਮੰਤਰੀ ਦੇ ਨਾਲ ਇਸ ਮੌਕੇ ਵਿਧਾਇਕ ਬਲਕਾਰ ਸਿੰਘ, ਵਿਧਾਇਕਾ ਇੰਦਰਜੀਤ ਕੌਰ ਮਾਨ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਪ੍ਰਿੰਸੀਪਲ ਪ੍ਰੇਮ ਕੁਮਾਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਦਿਨੇਸ਼ ਢੱਲ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

# ਬੇਅਦਬੀ ਮਾਮਲਿਆਂ ਨੂੰ ਲੈ ਕੇ ਸੰਜੀਦਾ ਹੋਵੇ ਸਰਕਾਰ: ਐਡਵੋਕੇਟ ਧਾਮੀ

### ਬੇਅਦਬੀਆਂ ਦੇ ਮਾਮਲੇ 'ਤੇ ਕਿਸੇ ਵੀ ਧਿਰ ਨੂੰ ਸਿਆਸਤ ਨਹੀਂ ਕਰਨੀ ਚਾਹੀਦੀ: ਪ੍ਰਧਾਨ ਸ਼੍ਰੋਮਣੀ ਕਮੇਟੀ

**ਆਜ਼ਾਦ ਸੋਚ**
**ਸੁਖਰਾਜ ਸਿੰਘ/ਨਵੀਂ ਦਿੱਲੀ, 20 ਮਾਰਚ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਸਬੰਧੀ ਸ਼?ਰੋਮਣੀ ਗੁਰਦੁਆਰਾ ਕਮੇਟੀ ਦੁਆਰਾ ਪੰਜਾਬ ਸਰਕਾਰ ਤੋਂ ਮੰਗੀਆਂ ਜਾਣਕਾਰੀਆਂ ਮੁਹੱਈਆ ਨਾ ਕਰਵਾਉਣ 'ਤੇ ਸਵਾਲ ਚੁੱਕੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਵੇਂ ਹਰ ਧਰਮ ਦੇ ਧਾਰਮਿਕ ਗ੍ਰੰਥ ਸਤਿਕਾਰਯੋਗ ਹਨ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਜਾਗਤ ਜੋਤਿ ਗੁਰੂ ਹਨ। ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਬੰਧੀ ਵਿਸ਼ੇਸ਼ ਕਾਨੂੰਨੀ ਪ੍ਰਬੰਧ ਹੋਣਾ ਚਾਹੀਦਾ ਹੈ।ਉਨ੍ਹਾਂ ਨੇ ਕਿਹਾ ਕਿ ਮੌਜੂਦਾ ਕਾਨੂੰਨ ਤਹਿਤ ਚੱਲ ਰਹੇ ਬੇਅਦਬੀ ਦੇ ਕੇਸਾਂ ਵਿਚ ਵੀ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਯਕੀਨੀ ਹੋਣੀਆਂ ਚਾਹੀਦੀਆਂ ਹਨ, ਨਾ ਕਿ ਇਹ ਕੇਵਲ ਸਿਆਸੀ ਮੁੱਦਾ ਬਣ ਕੇ ਰਹੇ।



ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਲਿਆਂਦਾ ਗਿਆ, ਪਰੰਤੂ ਸਰਕਾਰ ਦੀ ਇਸ ਸਬੰਧੀ ਹੁਣ ਤਕ ਦੀ ਪਹੁੰਚ ਨਿਰਾਸ਼ਾਜਨਕ ਹੀ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਬੰਧੀ ਗਠਤ ਸਲੈਕਟ ਕਮੇਟੀ ਨੇ ਸ਼?ਰੋਮਣੀ ਕਮੇਟੀ ਪਾਸੋਂ ਇਸ ਬਿੱਲ ਸਬੰਧੀ ਸੁਝਾਅ ਮੰਗੇ ਸਨ, ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ 15 ਮੈਂਬਰੀ ਉੱਚ ਪੱਧਰੀ ਕਮੇਟੀ ਗਠਤ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਕਮੇਟੀ ਦੀਆਂ ਸਮੇਂ-ਸਮੇਂ 'ਤੇ ਹੋਈਆਂ ਮੀਟਿੰਗਾਂ ਦੌਰਾਨ ਗੰਭੀਰ ਵਿਚਾਰ-ਵਟਾਂਦਰੇ ਤੋਂ ਬਾਅਦ ਸਲੈਕਟ ਕਮੇਟੀ ਤੋਂ ਕੁਝ ਜ਼ਰੂਰੀ ਜਾਣਕਾਰੀਆਂ ਦੀ ਮੰਗ ਕੀਤੀ ਸੀ, ਜਿਸ ਪ੍ਰਤੀ ਸਰਕਾਰ ਦੀ ਸਲੈਕਟ ਕਮੇਟੀ ਨੇ ਅਜੇ ਤੱਕ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਸੁਝਾਅ ਅਤੇ ਰਾਏ ਰਿਪੋਰਟ ਜ਼ਰੂਰੀ ਜਾਣਕਾਰੀਆਂ ਮਿਲਣ ਬਾਅਦ ਹੀ ਦੇ ਸਕਦੀ ਹੈ, ਲੇਕਿਨ ਸਰਕਾਰ ਇਸ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਵਿੱਤਰ ਧਾਰਮਿਕ ਗ੍ਰੰਥਾਂ ਵਿੱਚੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਅਤੇ ਵਡਿਆਈ ਜਾਗਤ ਜੋਤ ਅਤੇ ਹਾਜ਼ਰ ਨਾਜ਼ਰ ਸਤਿਗੁਰੂ ਵਜੋਂ ਹੈ, ਜਿਸ ਲਈ ਉਕਤ ਬਿੱਲ ਸਬੰਧੀ ਇਹ ਪੱਖ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਲੈਕਟ ਕਮੇਟੀ ਨੂੰ ਸੁਝਾਅ ਹਰ ਪੱਖ ਨੂੰ ਮੁਕੰਮਲ ਘੋਖ ਕੇ ਹੀ ਦਿੱਤੇ ਜਾ ਸਕਣੇ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਰਕਾਰ ਮੰਗੀਆਂ ਜਾਣਕਾਰੀਆਂ ਦੇਵੇ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਕਈ ਪੱਤ੍ਰਿਕਾਵਾਂ ਲਿਖ ਕੇ ਰਿਕਾਰਡ ਅਤੇ ਜਾਣਕਾਰੀਆਂ ਦੀ ਮੰਗ ਕੀਤੇ ਜਾਣ ਦੇ ਬਾਵਜੂਦ ਵੀ ਸਰਕਾਰ ਦੀ ਸਲੈਕਟ ਕਮੇਟੀ ਵੱਲੋਂ ਜਾਣਬੁਝ ਕੇ ਮੁਹੱਈਆ ਨਾ ਕਰਵਾਉਣਾ ਬਹੁਤ ਹੀ ਮੰਦਭਾਗਾ, ਪੱਖਪਾਤੀ ਅਤੇ ਰਾਜਸੀ ਹਿੱਤਾਂ ਵਾਲਾ ਸਾਬਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਸਾਬਤ ਹੋ ਰਿਹਾ ਹੈ ਕਿ ਸਲੈਕਟ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦੇਣ ਲਈ ਜਾਰੀ ਕੀਤਾ ਗਿਆ ਪੱਤਰ ਮਹਿਜ ਇਕ ਵਿਖਾਵਾ ਹੈ, ਇਸ ਤੋਂ ਇਲਾਵਾ ਇਸ ਵਿਚ ਕੋਈ ਸੰਜੀਦਗੀ ਦੀ ਭਾਵਨਾ ਨਹੀਂ ਹੈ। ਐਡਵੋਕੇਟ ਧਾਮੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਮੰਗੀਆਂ ਜਾਣਕਾਰੀਆਂ ਸਰਕਾਰ ਮੁਹੱਈਆ ਨਹੀਂ ਕਰਵਾਉਂਦੀ ਤਾਂ ਇਹ ਸਮਝਿਆ ਜਾਵੇਗਾ ਕਿ ਸਰਕਾਰ ਇਸ ਬਿੱਲ ਪ੍ਰਤੀ ਗੰਭੀਰ ਨਹੀਂ ਹੈ ਐਡਵੋਕੇਟ ਧਾਮੀ ਨੇ ਕਿਹਾ ਕਿ ਬੇਅਦਬੀਆਂ ਸਬੰਧੀ ਕਾਨੂੰਨ ਨੂੰ ਲੈ ਕੇ ਭਾਈ ਗੁਰਜੀਤ ਸਿੰਘ ਵੱਲੋਂ ਸਮਾਣਾ ਵਿੱਖੇ ਸੰਘਰਸ਼ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਪਹਿਲੇ ਦਿਨ ਤੋਂ ਹੀ ਇਸ ਸੰਘਰਸ਼ ਨੂੰ ਪੂਰਨ ਤੌਰ 'ਤੇ ਹਮਾਇਤ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀਆਂ ਦੇ ਮਾਮਲੇ 'ਤੇ ਕਿਸੇ ਵੀ ਧਿਰ ਨੂੰ ਸਿਆਸਤ ਨਹੀਂ ਕਰਨੀ ਚਾਹੀਦੀ, ਸਗੋਂ ਇਸ ਸੰਜੀਦਾ ਮਾਮਲੇ ਸਬੰਧੀ ਸਿਰ ਜੋੜ ਖੜ੍ਹਨਾ ਚਾਹੀਦਾ ਹੈ।

# ਰਿਜ਼ਰਵ ਬੈਂਕ ਦੇ ਗਵਰਨਰ ਸੰਜੇ ਮਲਹੋਤਰਾ ਤਖ਼ਤ ਸ੍ਰੀ ਪਟਨਾ ਸਾਹਿਬ ਵਿੱਖੇ ਹੋਏ ਨਤਮਸਤਕ



**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 20 ਮਾਰਚ**

ਰਿਜ਼ਰਵ ਬੈਂਕ ਆਫ ਇੰਡੀਆ ਦੇ ਗਵਰਨਰ ਸ੍ਰੀ ਸੰਜੇ ਮਲਹੋਤਰਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿੱਖੇ ਨਤਮਸਤਕ ਹੋਏ। ਤਖ਼ਤ ਪਟਨਾ ਸਾਹਿਬ ਦੇ ਗ੍ਰੰਥੀ ਗਿਆਨੀ ਜਸਵੰਤ ਸਿੰਘ ਨੇ ਉਨ੍ਹਾਂ ਨੂੰ ਸਿਰੋਪਾ ਭੇਟ ਕੀਤਾ। ਇਸ ਮੌਕੇ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਮੀਡੀਆ ਪ੍ਰਭਾਰੀ ਸੁਦੀਪ ਸਿੰਘ, ਹਰਕੀਰਤ ਸਿੰਘ ਸੋਹੀ, ਸੁਪਰਿੰਟੈਂਡੈਂਟ ਦਲਜੀਤ ਸਿੰਘ, ਮੈਨੇਜਰ ਹਰਜੀਤ ਸਿੰਘ ਅਤੇ ਅਕਾਊਂਟ ਮੈਨੇਜਰ ਦਵਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ।ਤਖ਼ਤ ਪਟਨਾ ਸਾਹਿਬ ਵੱਲੋਂ ਹਰ ਮਹੀਨੇ ਪ੍ਰਕਾਸ਼ਿਤ ਹੋਣ ਵਾਲੀ ਗੋਬਿੰਦ ਪ੍ਰਕਾਸ਼ ਮੈਗਜ਼ੀਨ ਦੇ ਮਾਰਚ ਮਹੀਨੇ ਦੀ ਕਾਪੀ ਦਾ ਵਿਮੋਚਨ ਵੀ ਗਵਰਨਰ ਸਾਹਿਬ ਵੱਲੋਂ ਕੀਤਾ ਗਿਆ। ਗੋਬਿੰਦ ਪ੍ਰਕਾਸ਼ ਮੈਗਜ਼ੀਨ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਅਤੇ ਇਸ ਨੂੰ ਮੁਫ਼ਤ ਵੰਡਿਆ ਜਾਂਦਾ ਹੈ ਉਨ੍ਹਾਂ ਨੇ ਕਿਹਾ ਕਿ ਕਮੇਟੀ ਦਾ ਮਕਸਦ ਮੈਗਜ਼ੀਨ ਕੱਢਣ ਦਾ ਇਹ ਹੈ ਕਿ ਇਸ ਰਾਹੀਂ ਦੇਸ਼-ਵਿਦੇਸ਼ ਵਿੱਚ ਬੈਠੀਆਂ ਸੰਗਤਾਂ ਨੂੰ ਤਖ਼ਤ ਪਟਨਾ ਸਾਹਿਬ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਦੀ ਜਾਣਕਾਰੀ ਮਿਲ ਸਕੇ ਅਤੇ ਇਸ ਵਿੱਚ ਪ੍ਰਕਾਸ਼ਿਤ ਧਾਰਮਿਕ ਲੇਖਾਂ ਰਾਹੀਂ ਸੰਗਤ, ਖ਼ਾਸ ਕਰਕੇ ਨੌਜਵਾਨ ਵਰਗ ਨੂੰ ਗੁਰ-ਇਤਿਹਾਸ ਅਤੇ ਧਰਮ ਬਾਰੇ ਜਾਣਕਾਰੀ ਪ੍ਰਾਪਤ ਹੋਵੇ। ਸ. ਗੁਰਵਿੰਦਰ ਸਿੰਘ ਨੇ ਦੱਸਿਆ ਕਿ ਗਵਰਨਰ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਜੋੜਾ ਸਾਹਿਬ ਦੇ ਦਰਸ਼ਨ ਵੀ ਕਰਵਾਏ ਗਏ। ਗਵਰਨਰ ਸੰਜੇ ਮਲਹੋਤਰਾ ਨੇ ਕਿਹਾ ਕਿ ਉਨ੍ਹਾਂ ਦੀ ਕਾਫੀ ਸਮੇਂ ਤੋਂ ਇੱਛਾ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨ ਕਰਨ ਅਤੇ ਅੱਜ ਉਹ ਪੂਰੀ ਹੋਈ ਹੈ, ਜਿਸ ਲਈ ਉਹ ਗੁਰੂ ਮਹਾਰਾਜ ਜੀ ਦਾ ਸ਼ੁਕਰਾਨਾ ਕਰਦੇ ਹਨ।

# ਮੂੰਹ ਦੀ ਸਾਫ਼-ਸਫ਼ਾਈ ਰੱਖਣਾ ਬੇਹੱਦ ਜ਼ਰੂਰੀ



**ਆਜ਼ਾਦ ਸੋਚ**
**ਸ਼ਾਹਿਦ ਜ਼ੂਬੈਰੀ**
**ਮਾਲੇਰਕੋਟਲਾ/ਸੰਦੌੜ , 20 ਮਾਰਚ**

ਸਿਵਲ ਸਰਜਨ ਮਲੇਰਕੋਟਲਾ ਡਾ. ਪਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਜੀ ਐੱਸ ਭਿੰਡਰ ਦੀ ਅਗਵਾਈ ਵਿੱਚ ਬਲਾਕ ਫਤਿਹਗੜ੍ਹ ਪੰਜਗਰਾਈਆਂ ਦੇ ਸਬ ਸੈਂਟਰ ਮੁਬਾਰਕਪੁਰ ਵਿਖੇ ਵਿਸ਼ਵ ਮੌਖਿਕ ਸਿਹਤ ਦਿਵਸ ਮੌਕੇ ਲੋਕਾਂ ਨੂੰ ਮੂੰਹ ਨਾਲ ਸਬੰਧਤ ਰੋਗਾਂ ਬਾਰੇ ਜਾਗਰੁਕ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦੇ ਸੀਨੀਅਰ ਮੈਡੀਕਲ ਅਫਸਰ ਡਾ. ਜੀ ਐੱਸ ਭਿੰਡਰ ਨੇ ਦੱਸਿਆ ਕਿ ਹਰ ਸਾਲ ਇਹ ਦਿਵਸ ਖ਼ਾਸ ਵਿਸ਼ੇ ਤੇ ਕੇਂਦ੍ਰਿਤ ਹੁੰਦਾ ਹੈ ਇਸ ਸਾਲ ਇਸਦਾ ਥੀਮ ÷ਸਿਹਤਮੰਦ ਮੂੰਹ, ਸੁਖੀ ਜੀਵਨ÷ ਹੈ। ਜੇਕਰ ਤੁਹਾਡਾ ਮੂੰਹ ਦੇ ਦੰਦ, ਮਸੂੜੇ, ਜੀਭ ਆਦਿ ਤੰਦਰੁਸਤ ਹਨ ਤਾਂ ਤੁਸੀਂ ਤੰਦਰੁਸਤੀ ਨੂੰ ਮਾਣਦੇ ਹੋ। ਇਸ ਮੌਕੇ ਬਲਾਕ ਐਜੂਕੇਟਰ ਹਰਪ੍ਰੀਤ ਕੌਰ ਅਤੇ ਰਾਜੇਸ਼ ਰਿਖੀ ਨੇ ਦੱਸਿਆ ਕਿ ਮੂੰਹ ਦੀ ਸਾਫ਼ ਸਫ਼ਾਈ ਰੋਜ਼ਾਨਾ ਦੋ ਵਾਰ ਬਰੱਸ਼ ਕਰਕੇ ਕਰਨੀ ਚਾਹੀਦੀ ਹੈ। ਮਿੱਠੀਆਂ ਚੀਜ਼ਾਂ ਦਾ ਸੇਵਣ ਘਟ ਕਰਨਾ ਚਾਹੀਦਾ ਹੈ ਅਤੇ ਪਾਣੀ ਵਧੇਰੇ ਮਾਤਰਾ ਵਿੱਚ ਪੀਣਾ ਲਾਭਦਾਇਕ ਹੈ ਅਤੇ ਜੇਕਰ ਕੋਈ ਸਮੱਸਿਆ ਆਉਂਦੀ ਹੈ ਜਿਵੇਂ ਦੰਦ ਜਾ ਦਾੜ ਦੀ ਤਕਲੀਫ਼, ਮੂੰਹ ਵਿੱਚ ਛਾਲੇ ਹੋਣ ਜਾਂ ਬਦਬੂ ਆਉਣਾ ਤਾਂ ਸਰਕਾਰੀ ਸਿਹਤ ਸੰਸਥਾਵਾਂ ਤੋਂ ਜਾਂਚ ਜਰੂਰ ਕਰਵਾਈ ਜਾਵੇ। ਇਸ ਮੌਕੇ ਮ ਪ ਹ ਸ ਚਰਨਜੀਤ ਕੌਰ, ਮ ਪ ਹ ਸ ਬਲਵੀਰ ਕੌਰ, ਮ ਪ ਹ ਵ ਗੁਰਪ੍ਰੀਤ ਸਿੰਘ, ਮ ਪ ਹ ਵ ਮਨਦੀਪ ਕੌਰ, ਬੇਅੰਤ ਕੌਰ, ਸਮੂਹ ਆਸ਼ਾ ਅਤੇ ਲੋਕ ਹਾਜ਼ਿਰ ਸਨ।

# ਅਜੀਤ ਪਾਲ ਕੋਹਲੀ ਵੱਲੋਂ ਵਾਰਡ 60 ਧਾਮੋਮਾਜਰਾ ਤੋਂ ਤੀਰਥ ਯਾਤਰਾ ਬੱਸ ਰਵਾਨਾ

## ਪੰਜਾਬ ਸਰਕਾਰ ਦੀ ਤੀਰਥ ਯਾਤਰਾ ਸਕੀਮ ਦਾ ਲੋਕਾਂ ਨੂੰ ਮਿਲ ਰਿਹਾ ਲਾਭ: ਕੋਹਲੀ

**ਆਜ਼ਾਦ ਸੋਚ**
**ਹਰਵਿੰਦਰ ਲਾਲੀ**
**ਪਟਿਆਲਾ, 20 ਮਾਰਚ**

ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਵਚਨਬੱਧ ਹੈ ਅਤੇ ਵੱਖ-ਵੱਖ ਲੋਕ-ਹਿਤੈਸ਼ੀ ਯੋਜਨਾਵਾਂ ਰਾਹੀਂ ਹਰ ਵਰਗ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਗੱਲ ਦਾ ਪ੍ਰਗਟਾਵਾ ਅੱਜ ਪਟਿਆਲਾ ਸ਼ਹਿਰੀ ਦੇ ਵਿਧਾਇਕ ਸ੍ਰੀ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਵਾਰਡ ਨੰਬਰ 60 ਧਮੋਮਾਜਰਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਯਾਤਰੀਆਂ ਨਾਲ ਭਰੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਕੀਤਾ।



ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਇਸ ਦਿਸ਼ਾ ਵਿੱਚ ਇੱਕ ਵਿਸ਼ੇਸ਼ ਅਤੇ ਸ਼ਲਾਘਾਯੋਗ ਉਪਰਾਲਾ ਹੈ, ਜਿਸ ਨਾਲ ਆਮ ਜਨਤਾ, ਖ਼ਾਸ ਕਰਕੇ ਬਜ਼ੁਰਗਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਿਹਰਾ ਮੌਕਾ ਮਿਲ ਰਿਹਾ ਹੈ। ਦਵਾਇਆ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਕੀਮਾਂ ਨੂੰ ਹੋਰ ਵਧਾਇਆ ਜਾਵੇਗਾ।

ਇਸ ਸਮਾਗਮ ਵਿੱਚ ਵਾਰਡ ਨੰਬਰ 60 ਦੇ ਇੰਚਾਰਜ ਰੁਪਿੰਦਰ ਸਿੰਘ (ਕੋਚ) ਦੀ ਵਿਸ਼ੇਸ਼ ਹਾਜ਼ਰੀ ਰਹੀ। ਉਨ੍ਹਾਂ ਵੱਲੋਂ ਵੀ ਯਾਤਰੀਆਂ ਨੂੰ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਕਿਹਾ ਗਿਆ ਕਿ ਇਹ ਯੋਜਨਾ ਲੋਕਾਂ ਵਿੱਚ ਭਰੋਸੇ ਅਤੇ ਧਾਰਮਿਕ ਸਾਂਝ ਨੂੰ ਮਜ਼ਬੂਤ ਕਰਦੀ ਹੈ।

ਇਲਾਕਾ ਨਿਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਯੋਜਨਾਵਾਂ ਨਾਲ ਨਾ ਸਿਰਫ਼ ਲੋਕਾਂ ਨੂੰ ਸਹੂਲਤ ਮਿਲਦੀ ਹੈ, ਸਗੋਂ ਸਮਾਜ ਵਿੱਚ ਖੁਸ਼ਹਾਲੀ ਦਾ ਮਾਹੌਲ ਵੀ ਬਣਦਾ ਹੈ।

ਵਿਧਾਇਕ ਨੇ ਦਸਿਆ ਕਿ ਇਹ ਬੱਸ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦੁਰਗਿਆਨਾ ਮੰਦਿਰ ਅੰਮ੍ਰਿਤਸਰ ਵਿਖੇ ਜਾਏਗੀ।ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਹਰ ਇਕ ਨਾਗਰਿਕ ਤੱਕ ਸਹੂਲਤਾਂ ਪਹੁੰਚਾਉਣਾ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਵਿਅਕਤੀ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਪੂਰਾ ਕਰਨ ਤੋਂ ਵਾਂਝਾ ਨਾ ਰਹੇ। ਉਨ੍ਹਾਂ ਅੱਗੇ ਕਿਹਾ ਕਿ ਇਸ ਯੋਜਨਾ ਤਹਿਤ ਯਾਤਰੀਆਂ ਲਈ ਆਵਾਜਾਈ, ਰਹਿਣ-ਸਹਿਣ ਅਤੇ ਹੋਰ ਜ਼ਰੂਰੀ ਸੁਵਿਧਾਵਾਂ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਉਹ ਬਿਨਾ ਕਿਸੇ ਚਿੰਤਾ ਦੇ ਆਪਣੀ ਯਾਤਰਾ ਦਾ ਆਨੰਦ ਮਾਣ ਸਕਣ। ਉਨ੍ਹਾਂ ਨੇ ਯਾਤਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਲੋੜਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਉਨ੍ਹਾਂ ਨੂੰ ਯਕੀਨ ਉਨ੍ਹਾਂ ਕਿਹਾ ਕਿ ਪਹਿਲਾਂ ਇਸ ਤਰ੍ਹਾਂ ਦੀਆਂ ਸਹੂਲਤਾਂ ਸਿਰਫ਼ ਕੁਝ ਲੋਕਾਂ ਤੱਕ ਸੀਮਿਤ ਰਹਿੰਦੀਆਂ ਸਨ, ਪਰ ਹੁਣ ਹਰ ਵਰਗ ਨੂੰ ਇਸ ਦਾ ਲਾਭ ਮਿਲ ਰਿਹਾ ਹੈ।ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ, ਪਾਰਟੀ ਵਰਕਰ ਅਤੇ ਸਨਮਾਨਿਤ ਵਿਅਕਤੀ ਮੌਜੂਦ ਸਨ, ਜਿਨ੍ਹਾਂ ਨੇ ਇਸ ਮੌਕੇ ਨੂੰ ਯਾਦਗਾਰ ਬਣਾਇਆ।

# ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਸਮਾਣਾ ਦਫ਼ਤਰ ਵਿਖੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

**ਆਜ਼ਾਦ ਸੋਚ**
**ਸੰਜੇ ਬਾਂਸਲ**
**ਸਮਾਣਾ, 20 ਮਾਰਚ**

ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਸਮਾਣਾ ਸਥਿਤ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸਮਾਣਾ ਅਤੇ ਆਸ-ਪਾਸ ਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਵੱਲੋਂ ਸ. ਬਰਸਟ ਨਾਲ ਮੁਲਾਕਾਤ ਕੀਤੀ ਗਈ।ਸ. ਹਰਚੰਦ ਸਿੰਘ ਬਰਸਟ ਨੇ ਸਾਰਿਆਂ ਦੀਆਂ ਮੁਸ਼ਕਲਾਂ ਅਤੇ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਮੌਕੇ ਤੇ ਹੀ ਇਨ੍ਹਾਂ ਦਾ ਨਿਪਟਾਰਾ ਕੀਤਾ। ਇਲਾਕਾ ਨਿਵਾਸੀਆਂ ਦੀ ਮੰਗ ਤੇ ਸੜਕ ਬਣਾਉਣ ਲਈ ਹਰਪਾਲ ਸਿੰਘ ਫਤਿਹਪੁਰ ਵੱਲੋਂ 50 ਲੱਖ ਰੁਪਏ ਮੁੱਲ ਦੀ ਜਮੀਨ ਮੰਡੀ ਬੋਰਡ ਨੂੰ ਦਿੱਤੀ ਗਈ, ਜਿਸਦੇ ਲਈ ਸ. ਹਰਚੰਦ ਸਿੰਘ ਬਰਸਟ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਲੋਕਾਂ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਚੇਅਰਮੈਨ ਦਾ ਧੰਨਵਾਦ ਕੀਤਾ। ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਇਲਾਕਾ ਨਿਵਾਸੀਆਂ ਦੀਆਂ ਮੁਸ਼ਕਲਾਂ ਨੂੰ ਨੇੜੇ ਤੋਂ ਸੁਣਨਾ ਅਤੇ ਉਹਨਾਂ ਦਾ ਤੁਰੰਤ ਹੱਲ ਯਕੀਨੀ ਬਣਾਉਣਾ ਹੈ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਹਰ ਸਮੇਂ ਲੋਕਾਂ ਦੇ ਨਾਲ ਖੜੇ ਹਨ। ਅਜਿਹੇ ਲੋਕ ਮਿਲਣ ਪ੍ਰੋਗਰਾਮ ਭਵਿੱਖ ਵਿੱਚ ਵੀ ਆਯੋਜਿਤ ਕੀਤੇ ਜਾਣਗੇ, ਤਾਂ ਜੋ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾ ਸਕੇ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 4 ਸਾਲਾਂ ਵਿੱਚ ਮਿਸਾਲੀ ਕਾਰਜ ਕਰਕੇ ਦਿਖਾਏ ਗਏ ਹਨ ਅਤੇ ਆਪਣੇ ਸਾਰੇ ਵਾਅਦੇ ਪੂਰੇ ਕੀਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਇਕ ਪਾਸੇ ਜਿੱਥੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਉੱਥੇ ਹੀ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਿਸ਼ ਤੋਂ 65 ਹਜਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਮਹਿਲਾਵਾਂ ਨੂੰ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਦਾ ਤੋਹਫ਼ਾ ਦਿੱਤਾ ਗਿਆ ਹੈ, ਜਿਸਦੇ ਤਹਿਤ ਮਹਿਲਾਵਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਅਤੇ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪ੍ਰਾਪਤ ਹੋਣਗੇ। ਇਸ ਤੋਂ ਇਲਾਵਾ ਮਹਿਲਾਵਾਂ ਨੂੰ ਮੁਫ਼ਤ ਬਸ ਸਫ਼ਰ ਦੀ ਸਹੂਲਤ ਦਿੱਤੀ ਜਾ ਰਹੀ ਹੈ। ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾ ਪ੍ਰਦਾਨ ਕਰਨ ਲਈ ਜਿੱਥੇ ਆਮ ਆਦਮੀ ਕਲੀਨਿਕ ਬਣਾਏ ਗਏ ਹਨ, ਉੱਥੇ ਹੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸਾਲਾਨਾ 10 ਲੱਖ ਰੁਪਏ ਤੱਕ ਦੇ ਮੁੱਫ਼ਤ ਅਤੇ ਕੈਸ਼ਲੈਸ ਇਲਾਜ ਦੀ ਸਹੂਲਤ ਹੈ।ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਕਿਸਾਨਾਂ ਨੂੰ ਸਿੰਚਾਈ ਲਈ ਦਿਨ ਵੇਲੇ ਬਿਜਲੀ ਮਿਲ ਰਹੀ ਹੈ। ਖੇਤਾਂ ਨੂੰ ਨਹਿਰਾਂ ਦਾ ਪਾਣੀ ਦਿੱਤਾ ਜਾ ਰਿਹਾ ਹੈ। ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਨੌਜਵਾਨਾਂ ਨੂੰ ਖੇਡਾਂ ਨਾਲ ਜੋੜਣ ਲਈ ਜਿੱਥੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ, ਉੱਥੇ ਹੀ ਰਾਜ ਭਰ ਵਿੱਚ ਕਰੀਬ 3000 ਆਧੁਨਿਕ ਖੇਡ ਮੈਦਾਨ ਬਣਾਏ ਜਾ ਰਹੇ ਹਨ। ਸੂਬੇ ਦੀਆਂ ਪੇਂਡੂ ਲਿੰਕ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਨਵੀਂ ਇੰਡਸਟਰੀ ਲਗਾਉਣ ਲਈ ਪੰਜਾਬ ਸਰਕਾਰ ਵੱਲੋਂ ਸਾਰਥਿਕ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਤੋਂ ਲੋਕ ਬਹੁਤ ਖੁਸ਼ ਹਨ।



# ਵਿਦੇਸ਼ਾਂ ਤੋਂ ਚਲ ਰਹੀ ਗੈਂਗਸਟਰਵਾਦੀ ਸਾਜ਼ਿਸ਼ ਦਾ ਅੰਤ ਹੋਣਾ ਚਾਹੀਦਾ : ਅਮਨ ਗਰਗ

**ਆਜ਼ਾਦ ਸੋਚ**
**ਹਰਵਿੰਦਰ ਲਾਲੀ/ਪਟਿਆਲਾ, 20 ਮਾਰਚ**

ਆਲ ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਰਾਸ਼ਟਰੀ ਪ੍ਰਮੁੱਖ ਅਮਨ ਗਰਗ ਸੂਲਰ ਵੱਲੋਂ ਚੰਡੀਗੜ੍ਹ ਦੇ ਸੈਕਟਰ-9 ਵਿੱਚ ਜਿਮ ਦੇ ਬਾਹਰ ਹੋਏ ਚੀਨੀ ਕੁੱਬਾਹੇਰੀ ਦੇ ਨਿਰਦਈ ਅਤੇ ਕਾਇਰਾਨਾ ਕਤਲ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਸਿਰਫ ਇੱਕ ਵਿਅਕਤੀ ਦੀ ਹੱਤਿਆ ਨਹੀਂ, ਸਗੋਂ ਕਾਨੂੰਨ-ਵਿਵਸਥਾ ਨੂੰ ਖੁੱਲੀ ਚੁਣੌਤੀ ਹੈ।



ਅਮਨ ਗਰਗ ਸੂਲਰ ਨੇ ਕਿਹਾ ਕਿ ਜਿਸ ਤਰ੍ਹਾਂ ਖੁੱਲ੍ਹੇਆਮ ਗੋਲੀਬਾਰੀ ਕਰਕੇ ਇੱਕ ਬੇਗੁਨਾਹ ਵਿਅਕਤੀ ਦੀ ਜਾਨ ਲੈ ਲਈ ਗਈ, ਉਹ ਪੰਜਾਬ ਅਤੇ ਚੰਡੀਗੜ੍ਹ ਦੀ ਅਮਨ-ਸ਼ਾਂਤੀ ਨੂੰ ਖਤਰੇ ਵਿੱਚ ਪਾਉਣ ਵਾਲੀ ਗੰਭੀਰ ਸਾਜ਼ਿਸ਼ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਗੈਂਗਸਟਰ ਤੱਤਾਂ ਦੇ ਹੌਸਲੇ ਬਹੁਤ ਵੱਧ ਚੁੱਕੇ ਹਨ, ਜੋ ਕਿ ਕਾਨੂੰਨ ਦੀ ਧੱਜੀਆਂ ਉਡਾਉਣ ਦੇ ਬਰਾਬਰ ਹੈ।ਉਨ੍ਹਾਂ ਨੇ ਇਸ ਘਟਨਾ ਦੀ ਜ਼ਿੰਮੇਵਾਰੀ ਲੈਣ ਵਾਲੇ ਗੈਂਗਸਟਰ ਲੱਕੀ ਪਇਆਲ ਉੱਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਅਜਿਹੇ ਅਪਰਾਧੀ ਤੱਤ ਸਮਾਜ ਲਈ ਕੋੜ ਹਨ, ਜਿਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ। ਵਿਦੇਸ਼ਾਂ ਵਿੱਚ ਲੁੱਕ ਕੇ ਪਰਦੇ ਦੇ ਪਿੱਛੇ ਬੈਠ ਕੇ ਪੰਜਾਬ ਦੇ ਭੋਲੇ-ਭਾਲੇ ਨੌਜਵਾਨਾਂ ਨੂੰ ਆਪਣਾ ਮੋਹਰਾ ਬਣਾਉਣਾ ਅਤੇ ਉਨ੍ਹਾਂ ਤੋਂ ਖੂਨੀ ਤੇ ਅਪਰਾਧਕ ਵਾਰਦਾਤਾਂ ਕਰਵਾਉਣਾ ਕਿਸੇ ਵੀ ਤਰ੍ਹਾਂ ਦੀ ਬਹਾਦਰੀ ਨਹੀਂ, ਸਗੋਂ ਇਹ ਗੈਂਗਸਟਰਾਂ ਦੀ ਕਾਇਰਤਾ ਦੀ ਪਰਾਕਾਸ਼ਠਾ, ਨੀਚ ਸੋਚ ਅਤੇ ਅਪਰਾਧਕ ਮਨੋਵ੍ਰਿੱਤੀ ਦਾ ਘਿਨੌਣਾ ਚਿਹਰਾ ਬੇਨਕਾਬ ਕਰਦਾ ਹੈ।

ਅਜਿਹੇ ਤੱਤ ਆਪਣੇ ਆਪ ਮੈਦਾਨ ਵਿੱਚ ਆਉਣ ਦੀ ਹਿੰਮਤ ਨਹੀਂ ਰੱਖਦੇ, ਇਸ ਲਈ ਉਹ ਨੌਜਵਾਨੀ ਨੂੰ ਗੁਮਰਾਹ ਕਰਕੇ ਉਹਨਾਂ ਨੂੰ ਮੌਤ ਦੇ ਮੂੰਹ ਵੱਲ ਧੱਕਦੇ ਹਨ ਅਤੇ ਆਪਣੀ ਕਾਲੀ ਦੁਨੀਆ ਨੂੰ ਚਲਾਉਂਦੇ ਹਨ।ਗਰਗ ਨੇ ਕਿਹਾ ਇਹ ਗੈਂਗਸਟਰ ਅਸਲ ਵਿੱਚ ਬਹਾਦਰ ਨਹੀਂ, ਸਗੋਂ ਸਮਾਜ ਦੇ ਸਭ ਤੋਂ ਵੱਡੇ ਕਾਇਰ ਹਨ, ਜੋ ਦੂਰ ਬੈਠ ਕੇ ਨਿਰਦੋਸ਼ ਲੋਕਾਂ ਦੇ ਖ਼ੂਨ ਨਾਲ ਆਪਣੀ ਦਹਿਸ਼ਤ ਦੀ ਇਮਾਰਤ ਖੜ੍ਹੀ ਕਰਨਾ ਚਾਹੁੰਦੇ ਹਨ। ਅਜਿਹੇ ਅਪਰਾਧੀ ਤੱਤਾਂ ਨੂੰ ਕਾਨੂੰਨ ਦੇ ਸਭ ਤੋਂ ਸਖ਼ਤ ਹੱਥ ਨਾਲ ਕੁਚਲਣਾ ਅਤੇ ਉਹਨਾਂ ਦੇ ਪੂਰੇ ਨੈੱਟਵਰਕ ਨੂੰ ਜੜ੍ਹ ਤੋਂ ਖਤਮ ਕਰਨਾ ਹੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।ਅਮਨ ਗਰਗ ਸੂਲਰ ਨੇ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿੱਚ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਕਾਬੂ ਕਰਕੇ ਕੜੀ ਸਜ਼ਾਵਾਂ ਦਿੱਤੀਆਂ ਜਾਣ। ਅੰਤ ਵਿੱਚ ਉਨ੍ਹਾਂ ਨੇ ਮਰਹੂਮ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਉਹ ਪੀੜਤ ਪਰਿਵਾਰ ਦੇ ਨਾਲ ਖੜ੍ਹੇ ਹਨ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਵਚਨਬੱਧ ਹਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 732ਵਾਂ ਮੁਫ਼ਤ ਅੱਖਾਂ ਦੀ ਜਾਂਚ ਤੇ ਉਪਰੇਸ਼ਨ ਕੈਂਪ ਹੰਡਿਆਇਆ ਵਿੱਖੇ ਲਗਾਇਆ



**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 20 ਮਾਰਚ**

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਪਟਿਆਲਾ ਦੀ ਬ੍ਰਾਂਚ ਬਰਨਾਲਾ ਵੱਲੋਂ ਡਾ.ਐੱਸ.ਪੀ. ਸਿੰਘ ਉਬਰਾਏ ਮੈਨੇਜਿੰਗ ਟਰੱਸਟੀ ਅਤੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਦਿਸ਼ਾ-ਨਿਰਦੇਸ਼ਾਂ ਹੇਠ ਗੁਰਦੁਆਰਾ ਪੱਕਾ ਸਰ ਪਾਤਸ਼ਾਹੀ ਨੌਵੀਂ ਹੰਡਿਆਇਆ ਦੇ ਦੀਵਾਨ ਹਾਲ ਵਿੱਖੇ ਮੁਫ਼ਤ ਅੱਖਾਂ ਦੀ ਜਾਂਚ ਅਤੇ ਓਪਰੇਸ਼ਨ ਕੈਂਪ ਟਰੱਸਟ ਦੇ ਜਿਲ੍ਹਾ ਪ੍ਰਧਾਨ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਦੀ ਅਗਵਾਈ 'ਚ ਲਗਾਇਆ ਗਿਆ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆ ਗੁਰਜੰਟ ਸਿੰਘ ਸੋਨਾ ਨੇ ਦੱਸਿਆ ਕਿ ਇਸ ਕੈਂਪ ਦਾ ਉਦਘਾਟਨ ਗੁਰਦੁਆਰਾ ਸਾਹਿਬ ਦੇ ਮੈਨੇਜਰ ਨਿਰਮਲ ਸਿੰਘ ਰਾਜੀਆ ਨੇ ਕੀਤਾ। ਇਸ ਕੈਂਪ ਦੌਰਾਨ 300 ਦੇ ਕਰੀਬ ਮਰੀਜ਼ ਨੇ ਲਾਭ ਪ੍ਰਾਪਤ ਕੀਤਾ, ਜਿਨ੍ਹਾਂ ਦੀਆਂ ਅੱਖਾਂ ਪੰਜਾਬ ਆਈ ਹਸਪਤਾਲ ਦੇ ਡਾਕਟਰਾਂ ਦੀ ਟੀਮ ਨੇ ਡਾ. ਹਰਜੀਤ ਸਿੰਘ ਦੀ ਅਗਵਾਈ 'ਚ ਮੁਇਨਾ ਕੀਤਾ। ਜਿੰਨਾ ਨੂੰ ਦਵਾਈਆਂ ਅਤੇ ਐਨਕਾ ਮੁਫ਼ਤ ਦਿੱਤੀਆਂ ਗਈਆਂ, 50 ਦੇ ਕਰੀਬ ਮਰੀਜ਼ ਜਿਹੜੇ ਚਿੱਟੇ ਮੋਤੀਆ ਬਿੰਦ ਤੋਂ ਪੀੜਤ ਸਨ, ਦੀਆਂ ਅੱਖਾਂ ਦਾ ਉਪ੍ਰੇਸ਼ਨ ਕਰਕੇ ਲੈਂਜ ਪਾਏ ਗਏ।

ਇਸ ਮੌਕੇ ਅਮਰਜੀਤ ਸਿੰਘ, ਕੁਲਵੰਤ ਸਿੰਘ, ਐਡਵੋਕੇਟ ਮੰਜੂ ਜਿੰਦਲ, ਬਲਦੇਵ ਸਿੰਘ, ਗੁਰਜੀਤ ਸਿੰਘ ਖੁੱਡੀ, ਸੂਬੇਦਾਰ ਗੁਰਜੰਟ ਸਿੰਘ, ਜਥੇਦਾਰ ਸੁਖਦਰਸ਼ਨ ਸਿੰਘ, ਜਥੇਦਾਰ ਗੁਰਮੀਤ ਸਿੰਘ ਧੌਲਾ, ਕੁਲਵਿੰਦਰ ਸਿੰਘ ਕਾਲਾ, ਗੁਰਮੀਤ ਸਿੰਘ, ਗੁਰਦੇਵ ਸਿੰਘ ਮੱਕੜ, ਲਵਜੀਤ ਸਿੰਘ, ਸੰਦੀਪ ਕੌਰ, ਦੀਪਕ ਕੁਮਾਰ, ਪਾਲ ਸਿੰਘ ਆਦਿ ਹਾਜ਼ਰ ਸਨ।

# ਗੁਰਦੁਆਰਾ ਸਿੰਘ ਸਭਾ ਸੀ-ਬਲਾਕ ਹਰੀ ਨਗਰ ਵਿੱਖੇ ਹਫ਼ਤਾਵਾਰੀ ਗੁਰਮਤਿ ਸਮਾਗਮ ਅੱਜ

ਨਵੀਂ ਦਿੱਲੀ, 20 ਮਾਰਚ (ਸੁਖਰਾਜ ਸਿੰਘ): ਗੁਰਦੁਆਰਾ ਸ਼ ?ਰੀ ਗੁਰੂ ਸਿੰਘ ਸਭਾ, ਸੀ-ਬਲਾਕ ਹਰੀ ਨਗਰ ਵਿੱਖੇ ਹਫ਼ਤਾਵਾਰੀ ਗੁਰਮਤਿ ਸਮਾਗਮ ਅੱਜ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਸੀ-ਬਲਾਕ ਹਰੀ ਨਗਰ ਦੇ ਪ੍ਰਧਾਨ ਸ. ਅਮਰਜੀਤ ਸਿੰਘ ਟੱਕਰ ਅਤੇ ਜਨਰਲ ਸਕੱਤਰ ਸ. ਗੁਰਮੀਤ ਸਿੰਘ ਗਰਚਾ ਨੇ ਦਸਿਆ ਕਿ ਇਹ ਹਫਤਾਵਾਰੀ ਵਿਸ਼ੇਸ਼ ਗੁਰਮਤਿ ਸਮਾਗਮ ਅੱਜ ਦਿਨ ਸ਼ਨੀਚਰਵਾਰ, 21 ਮਾਰਚ 2026 ਨੂੰ ਸ਼ਾਮੀ ਕਰਵਾਇਆ ਜਾਵੇਗਾ। ਸ. ਟੱਕਰ ਅਤੇ ਸ. ਗਰਚਾ ਨੇ ਦਸਿਆ ਕਿ ਇਹ ਵਿਸ਼ੇਸ਼ ਗਰਮਤਿ ਸਮਾਗਮ ਸ਼੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਨਾਲ ਆਰੰਭ ਹੋਵੇਗਾ, ਉਸ ਤੋਂ ਬਾਅਦ ਭਾਈ ਅਨਮੋਲ ਸਿੰਘ ਦਾ ਹਜ਼ੂਰੀ ਰਾਗੀ ਜੱਥਾ ਆਰਤੀ ਅਤੇ ਗੁਰਬਾਣੀ ਦਾ ਕੀਰਤਨ ਕਰੇਗਾ, ਉਪਰੰਤ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਦਵਿੰਦਰ ਸਿੰਘ ਦਰਪਣ ਗੁਰਬਾਣੀ ਦੀ ਕਥਾ ਰਾਹੀ ਸੰਗਤਾਂ ਨੂੰ ਗੁਰ-ਇਤਿਹਾਸ ਤੋਂ ਜਾਣੂੰ ਕਰਵਾਉਣਗੇ ਅਤੇ ਭਾਈ ਨਾਨਕ ਸਿੰਘ ਪ੍ਰੀਤ ਦਿੱਲੀ ਵਾਲੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਸ਼ਬਦ ਗੁਰੂ ਜੀ ਨਾਲ ਜੋੜਨ ਦੀ ਤਾਕੀਦ ਵੀ ਕਰਨਗੇ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਸਮੂੰਹ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਗੁਰਮਤਿ ਸਮਾਗਮ ਵਿੱਚ ਸਮੇਂ ਸਿਰ ਪਰਿਵਾਰਾਂ ਸਹਿਤ ਹਾਜ਼ਰੀਆਂ ਭਰ ਕੇ ਗੁਰੂ ਜੱਸ ਸਰਵਣ ਕਰਕੇ ਆਪਣਾ ਜੀਵਨ ਸਫ਼ਲਾ ਕਰੋ। ਸਮਾਗਮ ਦੀ ਸਮਾਪਤੀ ਅਤੇ ਅਰਦਾਸ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।



# ਸੀਨੀਅਰ ਅਕਾਲੀ ਆਗੂ ਨਿਸ਼ਾਨ ਸਿੰਘ ਸੰਧੂ ਦੇ ਗ੍ਰਹਿ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸੰਧੂ ਪਰਿਵਾਰ ਨੇ ਕੀਤਾ ਭਰਵਾਂ ਸਵਾਗਤ



**ਆਜ਼ਾਦ ਸੋਚ**
**ਸੰਜੇ ਬਾਂਸਲ/ਸਮਾਣਾ, 20 ਮਾਰਚ**

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅੱਜ ਟਕਸਾਲੀ ਆਗੂ ਸਰਦਾਰ ਨਿਸ਼ਾਨ ਸਿੰਘ ਸੰਧੂ ਦੇ ਗ੍ਰਹਿ ਵਿਖੇ ਪੁੱਜੇ। ਇਸ ਮੌਕੇ ਸੰਧੂ ਪਰਿਵਾਰ ਵੱਲੋਂ ਸ. ਬਾਦਲ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਹਲਕਾ ਸਮਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਸ. ਜਗਮੀਤ ਸਿੰਘ ਹਰਿਆਊ ਵੀ ਮੌਜੂਦ ਰਹੇ।ਇਸ ਮੌਕੇ ਸ. ਬਾਦਲ ਨੇ ਸੰਧੂ ਪਰਿਵਾਰ ਵੱਲੋਂ ਪਾਰਟੀ ਲਈ ਦਿੱਤੀਆਂ ਜਾ ਰਹੀਆਂ ਬੇਮਿਸਾਲ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਟਕਸਾਲੀ ਪਰਿਵਾਰ ਹੀ ਪਾਰਟੀ ਦੀ ਅਸਲੀ ਤਾਕਤ ਹਨ।ਇਸ ਮੌਕੇ ਸੰਧੂ ਪਰਿਵਾਰ ਵੱਲੋਂ ਸ. ਸੁਖਬੀਰ ਸਿੰਘ ਬਾਦਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

# ਡਾਕਟਰ ਕੋਟਨੀਸ ਐਕਿਊਪੰਕਚਰ ਹਸਪਤਾਲ ਲੁਧਿਆਣਾ ਵਿਖੇ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਕਰਵਾਇਆ

**ਆਜ਼ਾਦ ਸੋਚ**
**ਜੇ ਐਸ ਖੰਨਾ , ਸੰਜੀਵ ਸ਼ਰਮਾ**
**ਲੁਧਿਆਣਾ , 20 ਮਾਰਚ**

ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੇ ਸਹਿਯੋਗ ਨਾਲ ਸਲੇਮ ਟਾਬਰੀ ਲੁਧਿਆਣਾ ਵਿਖੇ ਸਥਿਤ ਡਾ. ਕੋਟਨੀਸ ਐਕਿਊਪੰਕਚਰ ਹਸਪਤਾਲ ਅਤੇ ਸਿੱਖਿਆ ਕੇਂਦਰ ਵੱਲੋਂ ਐਚ.ਆਈ.ਵੀ/ਏਡਜ਼ ਅਤੇ ਨਸ਼ਿਆਂ ਦੇ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਹਸਪਤਾਲ ਪਰਿਸਰ ਵਿੱਚ ਕਰਵਾਇਆ ਗਿਆ। ਇਸ ਦੀ ਪ੍ਰਧਾਨਗੀ ਹਸਪਤਾਲ ਦੇ ਨਿਰਦੇਸ਼ਕ ਡਾ. ਇੰਦਰਜੀਤ ਸਿੰਘ ਢੀਂਗਰਾ ਨੇ ਕੀਤੀ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਡਾ. ਢੀਂਗਰਾ ਨੇ ਕਿਹਾ ਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਨਸ਼ਾ ਪੀੜਤਾਂ ਨੂੰ ਇੱਕੋ ਸਰਿੰਜ ਦੇ ਇਸਤੇਮਾਲ ਨਾਲ ਫੈਲਣ ਵਾਲੀ ਏਡਜ਼ ਵਰਗੀ ਗੰਭੀਰ ਬਿਮਾਰੀ ਤੋਂ ਬਚਾਉਣ ਲਈ ਨਿਰਧਾਰਤ ਕੇਂਦਰਾਂ 'ਤੇ ਸਰਿੰਜ ਉਪਲੱਬਧ ਕਰਵਾਈ ਜਾ ਰਹੀ ਹੈ, ਤਾਂ ਜੋ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਸੰਕਰਮਣ ਦਾ ਖਤਰਾ ਘੱਟ ਕੀਤਾ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦੇ ਇਸ ਤਰ੍ਹਾਂ ਦੇ ਪ੍ਰੋਜੈਕਟ ਕਈ ਵਾਰ ਲੰਮੇ ਸਮੇਂ ਤੱਕ ਨਹੀਂ ਚੱਲਦੇ, ਇਸ ਲਈ ਪੀੜਤਾਂ ਨੂੰ ਆਪਣੇ ਆਪ ਹੌਲੀ-ਹੌਲੀ ਨਸ਼ਾ ਮੁਕਤੀ ਵੱਲ ਵਧਣਾ ਚਾਹੀਦਾ ਹੈ। ਜਦੋਂ ਵੀ ਕੋਈ ਪੀੜਤ ਨਸ਼ਾ ਮੁਕਤੀ ਕੇਂਦਰ ਵਿੱਚ ਜਾਂਦਾ ਹੈ ਤਾਂ ਉਸ ਨੂੰ ਉੱਥੇ ਤੈਨਾਤ ਕਾਊਂਸਲਰਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣ ਕੇ ਉਨ੍ਹਾਂ 'ਤੇ ਅਮਲ ਕਰਨਾ ਚਾਹੀਦਾ ਹੈ, ਜਿਸ ਨਾਲ ਉਹ ਨਸ਼ੇ ਦੀ ਦਲਦਲ ਤੋਂ ਬਾਹਰ ਨਿਕਲ ਸਕਦਾ ਹੈ। ਇਸ ਮੌਕੇ ਸ਼੍ਰੀਮਤੀ ਮਨੀਸ਼ਾ, ਇੰਚਾਰਜ ਓ.ਡੀ.ਆਈ.ਸੀ ਨੇ ਕਿਹਾ ਕਿ ਭਟਕੇ ਹੋਏ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣਾ ਬਹੁਤ ਜ਼ਰੂਰੀ ਹੈ ਅਤੇ ਇਸ ਲਈ ਮਾਪੇ , ਅਧਿਆਪਕ , ਪੁਲਿਸ ਪ੍ਰਸ਼ਾਸਨ , ਆਮ ਪ੍ਰਸ਼ਾਸਨ ਅਤੇ ਸਮਾਜਿਕ , ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਨੂੰ ਮਿਲਜੁਲ ਕੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਵੀ ਵੱਖ-ਵੱਖ ਸੰਸਥਾਵਾਂ ਨਾਲ ਇਕੱਠੇ ਹੋ ਕੇ ਇੱਕ ਮੰਚ 'ਤੇ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਡਾ. ਰਘੁਬੀਰ ਸਿੰਘ ਅਤੇ ਅਸ਼ਵਨੀ ਵਰਮਾ ਨੇ ਕਿਹਾ ਕਿ ਸਮਾਜ ਦਾ ਸਹਿਯੋਗ ਅਤੇ ਪੀੜਤਾਂ ਪ੍ਰਤੀ ਸਕਾਰਾਤਮਕ ਸੋਚ ਹੀ ਉਨ੍ਹਾਂ ਨੂੰ ਨਸ਼ਿਆਂ ਅਤੇ ਏਡਜ਼ ਤੋਂ ਬਚਾਅ ਸਕਦੀ ਹੈ। ਪ੍ਰੋਗਰਾਮ ਦੌਰਾਨ ਐਚ.ਆਰ.ਜੀ. ਲਈ ਵੱਖ-ਵੱਖ ਕਿਸਮ ਦੇ ਖੇਡਾਂ ਦਾ ਆਯੋਜਨ ਕੀਤਾ ਗਿਆ ਅਤੇ ਨਸ਼ਾ ਮੁਕਤੀ ਵਿਸ਼ੇ 'ਤੇ ਨੁੱਕੜ ਨਾਟਕ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਸ. ਭਗਤ ਸਿੰਘ ਦੀ ਸ਼ਹਾਦਤ ਨੂੰ ਨਮਨ ਕਰਦਿਆਂ ਗਗਨ ਭਾਟੀਆ, ਸੀ.ਪੀ.ਐਲ.ਆਈ. ਕੋਆਰਡੀਨੇਟਰ ਵੱਲੋਂ ਸਾਰੇ ਹਾਜ਼ਰ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਸੌਗੰਧ ਵੀ ਦਿਵਾਈ ਗਈ, ਜਿਸ ਵਿੱਚ ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਖੁਦ ਨਸ਼ਿਆਂ ਤੋਂ ਦੂਰ ਰਹਿਣਗੇ ਅਤੇ ਕਿਸੇ ਨਵੇਂ ਵਿਅਕਤੀ ਨੂੰ ਨਸ਼ੇ ਵੱਲ ਨਹੀਂ ਲੈ ਕੇ ਜਾਣਗੇ। ਇਸ ਮੌਕੇ ਤਰਸੇਮ ਲਾਲ , ਪ੍ਰੀਤੀ , ਪ੍ਰਿਆਂਸ਼ੂ, ਪ੍ਰਵੇਸ਼ , ਅਰੁਣ , ਸੁਰਜੀਤ ਕੌਰ, ਕਮਲਜੀਤ ਕੌਰ, ਅਮਨ, ਮੀਨੂ, ਸੁਸ਼ੀਲ ਸੂਦ, ਰਿਤੂ ਅਤੇ ਅਮਨਦੀਪ ਸਮੇਤ ਹੋਰ ਵੀ ਕਈ ਵਿਅਕਤੀ ਮੌਜੂਦ ਸਨ।



# ਭਾਈ ਰੂਪਾ ਬਾਕਸਿੰਗ ਕਲੱਬ ਦੇ ਅਰਮਾਨਦੀਪ ਸਿੰਘ ਬਣੇ ਚੈਂਪੀਅਨ, ਜਿੱਤਿਆ ਸੋਨੇ ਦਾ ਤਗਮਾ




**ਆਜ਼ਾਦ ਸੋਚ**
**ਬਿੰਦਰ ਜਲਾਲ**
**ਭਗਤਾ ਭਾਈ , 20 ਮਾਰਚ**

ਤਰਨ ਤਾਰਨ ਵਿਖੇ ਕਰਵਾਈ ਗਈ ਸਬ-ਜੂਨੀਅਰ ਲੜਕਿਆਂ ਦੀ ਬਾਕਸਿੰਗ ਚੈਂਪੀਅਨਸ਼ਿਪ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋਈ। ਇਸ ਮੁਕਾਬਲੇ ਵਿੱਚ ਬਠਿੰਡਾ ਜ਼ਿਲ੍ਹੇ ਦੀ ਟੀਮ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕੋਚ ਨਿਰਮਲ ਸਿੰਘ ਨੇ ਦੱਸਿਆ ਕਿ ਸਰਦਾਰ ਹਰਦੀਪ ਸਿੰਘ (ਬਾਕਸਿੰਗ ਕੋਚ, ਤਲਵੰਡੀ ਸਾਬੋ) ਦੀ ਰਹਿਨੁਮਾਈ ਹੇਠ ਟੀਮ ਨੇ ਉੱਚ ਦਰਜੇ ਦੀ ਖੇਡ ਦਿਖਾਈ ਮੁਕਾਬਲਿਆਂ ਦੌਰਾਨ ਭਾਈ ਰੂਪਾ ਬਾਕਸਿੰਗ ਕਲੱਬ ਦੇ ਹੋਣਹਾਰ ਖਿਡਾਰੀ ਅਰਮਾਨਦੀਪ ਸਿੰਘ ਨੇ ਸੋਨੇ ਦਾ ਤਗਮਾ ਜਿੱਤ ਕੇ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।ਇਸ ਤੋਂ ਇਲਾਵਾ ਰਾਹੁਲ ਨੇ ਚਾਂਦੀ ਦਾ ਤਗਮਾ ਜਿੱਤਿਆ, ਜਦਕਿ ਮਹਿਕਦੀਪ ਸਿੰਘ, ਪਰਮਵੀਰ ਸਿੰਘ ਅਤੇ ਅੰਸਪ੍ਰਤਾਪ ਸਿੰਘ ਨੇ ਕਾਂਸੀ ਦੇ ਤਗਮੇ ਹਾਸਲ ਕੀਤੇ। ਇਸ ਮੌਕੇ ਕੋਚ ਨਿਰਮਲ ਸਿੰਘ ਨੇ ਕਿਹਾ ਕਿ ਸ਼ਾਨਦਾਰ ਜਿੱਤ ਲਈ ਬਠਿੰਡਾ ਜ਼ਿਲ੍ਹਾ ਬਾਕਸਿੰਗ ਐਸੋਸੀਏਸ਼ਨ ਦੇ ਸੈਕਟਰੀ ਵਧਾਈ ਦੇ ਹੱਕਦਾਰ ਹਨ।

# ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦੇ 4 ਸਾਲ ਪੂਰੇ, ਕਿਸਾਨਾਂ ਤੇ ਆਮ ਲੋਕਾਂ ਲਈ ਵੱਡੇ ਕਦਮ

## ਮੰਡੀਆਂ ਵਿੱਚ ਸੁਧਾਰ ਤੇ ਲੋਕ-ਹਿਤੈਸ਼ੀ ਨੀਤੀਆਂ ਨਾਲ ਵਧਿਆ ਭਰੋਸਾ : ਗੱਜੂਮਾਜਰਾ

**ਆਜ਼ਾਦ ਸੋਚ**
**ਸੰਜੇ ਬਾਂਸਲ/ਰਜਿੰਦਰ ਫਤਿਹਪੁਰ**
**ਸਮਾਣਾ, 20 ਮਾਰਚ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਨੇ ਆਪਣੇ 4 ਸਾਲ ਪੂਰੇ ਕਰ ਲਏ ਹਨ। ਇਸ ਮੌਕੇ 'ਤੇ ਸਰਕਾਰ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਉਪਲਬਧੀਆਂ ਅਤੇ ਭਵਿੱਖੀ ਯੋਜਨਾਵਾਂ ਨੂੰ ਉਜਾਗਰ ਕੀਤਾ ਗਿਆ ਹੈ।



ਇਸ ਸਬੰਧੀ ਮਾਰਕਿਟ ਕਮੇਟੀ ਸਮਾਣਾ ਦੇ ਚੇਅਰਮੈਨ ਸ੍ਰ ਬਲਕਾਰ ਸਿੰਘ ਗੱਜੂ ਮਾਜਰਾ ਵੱਲੋਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਚਾਰ ਸਾਲਾਂ ਦੌਰਾਨ ਕਿਸਾਨਾਂ ਅਤੇ ਆਮ ਲੋਕਾਂ ਦੀ ਭਲਾਈ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਸਿੱਖਿਆ ਅਤੇ ਸਿਹਤ ਖੇਤਰ ਵਿੱਚ ਵੱਡੇ ਸੁਧਾਰ ਕੀਤੇ ਗਏ ਹਨ। ਸਰਕਾਰੀ ਸਕੂਲਾਂ ਦੀ ਅਪਗ੍ਰੇਡੇਸ਼ਨ, ਮੁਹੱਲਾ ਕਲੀਨਿਕਾਂ ਦੀ ਸ਼ੁਰੂਆਤ ਅਤੇ ਹਸਪਤਾਲਾਂ ਵਿੱਚ ਸਹੂਲਤਾਂ ਵਧਾਉਣ ਨੂੰ ਸਰਕਾਰ ਦੀਆਂ ਵੱਡੀਆਂ ਉਪਲਬਧੀਆਂ ਵਜੋਂ ਦਰਸਾਇਆ ਗਿਆ। ਇਸ ਤੋਂ ਇਲਾਵਾ ਬਿਜਲੀ ਬਿਲਾਂ ਵਿੱਚ ਰਾਹਤ ਅਤੇ ਕਿਸਾਨਾਂ ਲਈ ਚਲਾਈਆਂ ਜਾ ਰਹੀਆਂ ਸਹਾਇਤਾ ਯੋਜਨਾਵਾਂ ਨੂੰ ਵੀ ਲੋਕਾਂ ਵੱਲੋਂ ਸਰਾਹਿਆ ਜਾ ਰਿਹਾ ਹੈ।

ਸ੍ਰ ਗੱਜੂ ਮਾਜਰਾ ਨੇ ਕਿਹਾ ਕਿ ਮੰਡੀਆਂ ਵਿੱਚ ਸੁਵਿਧਾਵਾਂ ਨੂੰ ਬਿਹਤਰ ਬਣਾਉਣ, ਫਸਲਾਂ ਦੀ ਖਰੀਦ ਪ੍ਰਕਿਰਿਆ ਨੂੰ ਸੁਚੱਜਾ ਕਰਨ ਅਤੇ ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਖਾਸ ਧਿਆਨ ਦਿੱਤਾ ਗਿਆ ਹੈ। ਮਾਰਕਿਟ ਕਮੇਟੀਆਂ ਰਾਹੀਂ ਵਿਕਾਸ ਕਾਰਜਾਂ ਨੂੰ ਵੀ ਤੇਜ਼ੀ ਨਾਲ ਅੱਗੇ ਵਧਾਇਆ ਗਿਆ ਹੈ, ਜਿਸ ਨਾਲ ਮੰਡੀਆਂ ਦਾ ਢਾਂਚਾ ਹੋਰ ਮਜ਼ਬੂਤ ਹੋਇਆ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਦੀਆਂ ਲੋਕ-ਹਿਤੈਸ਼ੀ ਨੀਤੀਆਂ ਕਾਰਨ ਕਿਸਾਨਾਂ ਵਿੱਚ ਭਰੋਸਾ ਵਧਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਕਿਸਾਨਾਂ ਦੀ ਭਲਾਈ ਲਈ ਨਵੇਂ ਉਪਰਾਲੇ ਜਾਰੀ ਰਹਿਣਗੇ।

ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਆਖ਼ਰੀ ਗਰੰਟੀ ਪੰਜਾਬ ਦੀਆਂ ਔਰਤਾਂ ਲਈ ਆਰਥਿਕ ਸਹਾਇਤਾ ਦੇ ਤਹਿਤ ਮਹੀਨਾਵਾਰ 1000 ਰੁਪਏ ਦੇਣ ਦੀ ਯੋਜਨਾ 'ਦਾ ਵੀ ਐਲਾਨ ਕੀਤਾ ਗਿਆ , ਜਦਕਿ ਐਸ.ਸੀ. ਵਰਗ ਨਾਲ ਸੰਬੰਧਿਤ ਔਰਤਾਂ ਲਈ 1500 ਰੁਪਏ ਤੱਕ ਦੀ ਸਹਾਇਤਾ ਦੇਣ ਦੀ ਗੱਲ ਕੀਤੀ ਹੈ,ਜਿਸ ਨਾਲ ਔਰਤਾਂ ਦੀ ਆਰਥਿਕ ਮਜ਼ਬੂਤੀ ਨੂੰ ਹੋਰ ਵਾਧਾ ਮਿਲੇਗਾ।

ਅੰਤ ਵਿੱਚ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

# ਇਤਿਹਾਸ 'ਚ ਇਹ ਕਦੇ ਨਹੀਂ ਹੋਇਆ ਕਿ ਅਮਰੀਕਾ ਇਜ਼ਰਾਇਲ ਦੀ ਕੱਠਪੁਤਲੀ ਬਣਿਆ ਹੋਵੇ : ਸਿਮਰਨਜੀਤ ਸਿੰਘ ਮਾਨ

## ਡੋਨਾਲਡ ਟਰੰਪ ਨੂੰ ਇਜ਼ਰਾਇਲ-ਇਰਾਨ ਜੰਗ ਨੂੰ ਖ਼ਤਮ ਕਰਨ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ: ਮਾਨ

**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 20 ਮਾਰਚ**

1956 ਵਿੱਚ ਇਜਰਾਇਲ 'ਤੇ ਬਰਤਾਨੀਆ ਨੇ ਹਮਲਾ ਕੀਤਾ ਸੀ, ਪਰ ਉਸ ਸਮੇਂ ਦੇ ਅਮਰੀਕਾ ਦੇ ਪ੍ਰੈਜੀਡੈਂਟ ਮਿਸਟਰ ਆਈਜਨ ਹਾਵਰ ਨੇ ਇਸ ਜੰਗ ਵਿੱਚ ਭਾਗੀਦਾਰ ਬਣਨ ਤੋਂ ਇਨਕਾਰ ਕਰ ਦਿੱਤਾ ਸੀ। ਇਜਰਾਇਲ-ਫਰਾਂਸ ਤੇ ਬਰਤਾਨੀਆ ਨੇ ਅਮਰੀਕਾ ਨੂੰ ਜੋਰ ਪਾਇਆ ਸੀ ਕਿ ਇਸ ਜੰਗ 'ਚ ਸ਼ਮਿਲ ਹੋਵੇ, ਪਰ ਆਈਜਨ ਹਾਵਰ ਨੇ ਕਿਸੇ ਤਰ੍ਹਾਂ ਦੀ ਜੰਗ 'ਚ ਸ਼ਮਿਲ ਹੋਣ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ ਸੀ । ਜਿਸ ਤਰ੍ਹਾਂ ਆਈਜਨ ਹਾਵਰ ਨੇ ਮਨੁੱਖਤਾ ਵਿਰੋਧੀ ਵਰਤਾਰੇ ਵਿੱਚ ਸ਼ਾਮਿਲ ਹੋਣ ਤੋਂ ਇਨਕਾਰ ਕਰਕੇ ਮਨੁੱਖਤਾ ਦਾ ਘਾਣ ਹੋਣ ਵਿੱਚ ਆਪਣੇ ਆਪ ਨੂੰ ਦੋਸ਼ੀ ਹੋਣ ਤੋਂ ਪਾਸੇ ਰੱਖਿਆ ਸੀ ਉਸੇ ਤਰ੍ਹਾਂ ਡੋਨਾਲਡ ਟਰੰਪ ਨੂੰ ਵੀ ਇਹ ਮਨੁੱਖਤਾ ਮਾਰੂ ਜੰਗ ਤੋਂ ਆਪਣੇ ਆਪ ਨੂੰ ਪਾਸੇ ਰੱਖ ਕੇ ਇਜਰਾਇਲ ਅਤੇ ਇਰਾਨ ਦੀ ਜੰਗ ਨੂੰ ਖ਼ਤਮ ਕਰਵਾਉਣ ਦੀ ਪਹਿਲ ਦੇ ਆਧਾਰ 'ਤੇ ਜ਼ਿਮੇਵਾਰੀ ਨਿਭਾਉਣੀ ਚਾਹੀਦੀ ਹੈ।ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅਮਰੀਕਾ ਦੇ ਪ੍ਰੈਜੀਡੈਂਟ ਡੋਨਾਲਡ ਟਰੰਪ ਨੂੰ 1956 ਦੇ ਸੁਏਜ ਵਿੱਖੇ ਵਾਪਰੇ ਦੁਖਾਂਤ ਵਿੱਚ ਅਮਰੀਕਾ ਨੇ ਸ਼ਮੂਲੀਅਤ ਕਰਨ ਤੋਂ ਜਿਵੇ ਨਾਂਹ ਕੀਤੀ ਸੀ, ਉਸੇ ਤਰ੍ਹਾਂ ਦਾ ਅਮਲ ਮਿਸਟਰ ਟਰੰਪ ਨੂੰ ਮੌਜੂਦਾ ਇਰਾਨ-ਇਜਰਾਇਲ ਜੰਗ ਵਿੱਚ ਨਿਭਾਉਣ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਦੂਸਰੀ ਸੰਸਾਰ ਜੰਗ 'ਚ ਯਹੂਦੀਆ ਵਿਰੁੱਧ ਬਹੁਤ ਨਫਰਤ ਵੱਧ ਗਈ ਸੀ ਉਸ ਸਮੇਂ ਹਿਟਲਰ ਨੇ 60 ਲੱਖ ਯਹੂਦੀਆ ਨੂੰ ਗੈਸ ਚੈਬਰਾਂ 'ਚ ਸਾੜ ਕੇ ਮਾਰ ਦਿੱਤਾ ਸੀ । ਇਜਰਾਇਲ ਉਸੇ ਤਰ੍ਹਾਂ ਦੀ ਮਨੁੱਖਤਾ ਵਿਰੋਧੀ ਹਵਾ ਇਸ ਜੰਗ ਵਿਚ ਦੇ ਰਿਹਾ ਹੈ । ਦੁੱਖ ਅਤੇ ਅਫਸੋਸ ਹੈ ਕਿ ਇੰਡੀਆ ਦੇ ਵਜੀਰ ਏ ਆਜਮ ਸ੍ਰੀ ਨਰਿੰਦਰ ਮੋਦੀ ਇਸ ਮਨੁੱਖਤਾ ਵਿਰੋਧੀ ਜੰਗ ਦਾ ਵਿਰੋਧ ਕਰਨ ਦੀ ਬਜਾਇ ਇਜਰਾਇਲ ਜਾ ਕੇ ਇਸ ਨੂੰ ਭੜਕਾ ਕੇ ਆਏ । ਉਨ੍ਹਾਂ ਕਿਹਾ ਕਿ ਕਿਤੇ ਐਫਸਟੀਨ ਫਾਇਲ ਦੇ ਰਾਹੀ ਸ੍ਰੀ ਨਰਿੰਦਰ ਮੋਦੀ ਬਲੈਕਮੇਲ ਤਾਂ ਨਹੀ ਕੀਤੇ ਜਾ ਰਹੇ ? ਉਨ੍ਹਾਂ ਆਪ੍ਰੇਸ਼ਨ ਸਿੰਧੂਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅਮਰੀਕਾ ਦੇ ਪ੍ਰੈਜੀਡੈਂਟ ਡੋਨਾਲਡ ਟਰੰਪ ਦਾ ਇਹ ਕਥਨ ਕਿ ਪਾਕਿਸਤਾਨ ਦੇ ਵਜੀਰ ਏ ਆਜਮ ਜਨਾਬ ਸ਼ਾਹਬਾਜ ਸਰੀਫ ਨੂੰ ਇਸ ਆਪ੍ਰੇਸ਼ਨ ਸਿੰਧੂਰ ਰਾਹੀ ਇੰਡੀਅਨ ਹੁਕਮਰਾਨ ਮਾਰਨਾ ਚਾਹੁੰਦੇ ਸੀ, ਇਸੇ ਲਈ ਮੈਂ ਇਹ ਜੰਗ ਰੁਕਵਾਈ, ਪ੍ਰੰਤੂ ਇੰਡੀਅਨ ਫ਼ੌਜ ਦੇ ਜਰਨੈਲਾਂ ਦਾ ਕਹਿਣਾ ਹੈ ਕਿ ਆਪ੍ਰੇਸ਼ਨ ਸਿੰਧੂਰ ਅਜੇ ਖਤਮ ਨਹੀਂ ਹੋਇਆ, ਚੱਲ ਰਿਹਾ ਹੈ ।ਅਜਿਹੇ ਅਮਲ ਤਾਂ ਕੌਮਾਂਤਰੀ ਮਨੁੱਖੀ ਕਾਨੂੰਨਾਂ ਦਾ ਉਲੰਘਣ ਤੇ ਖਤਰਨਾਕ ਹਨ । ਹੁਣੇ ਹੀ ਜਪਾਨ ਦੇ ਪ੍ਰਾਈਮ ਮਨਿਸਟਰ ਅਮਰੀਕਾ ਦੇ ਪ੍ਰੈਜੀਡੈਂਟ ਡੋਨਾਲਡ ਟਰੰਪ ਨੂੰ ਮਿਲੇ ਸਨ ਜਿਨ੍ਹਾਂ ਨੇ ਗੱਲਬਾਤ ਰਾਹੀ ਇਹ ਕਿਹਾ ਕਿ ਜੋ 1941 ਵਿਚ ਪਰਲਹਾਰਬਰ ਦਾ ਜੋ ਦੁਖਾਂਤ ਵਾਪਰਿਆ ਸੀ, ਉਸ ਨੂੰ ਅਜੇ ਭੁੱਲੇ ਨਹੀਂ। ਉਨ੍ਹਾਂ ਕਿਹਾ ਪਾਕਿਸਤਾਨ-ਇੰਡੀਆ ਦੋਵੇ ਹੀ ਪ੍ਰਮਾਣੂ ਤਾਕਤ ਵਾਲੇ ਮੁਲਕ ਹਨ । ਜਿਨ੍ਹਾਂ ਕੋਲ ਖਤਰਨਾਕ ਨਿਊਕਲੀਅਰ ਬੰਬ ਹਨ । ਚੀਨ ਕਿਉਂਕਿ ਪਾਕਿਸਤਾਨ ਦੀ ਮਦਦ ਕਰ ਰਿਹਾ ਹੈ ਅਤੇ ਪਾਕਿਸਤਾਨ ਨੂੰ ਚੀਨ ਵੱਲੋਂ ਸਟੈਲਥ ਜਹਾਜਾਂ ਦੀ ਖੇਪ ਦਿੱਤੀ ਹੋਈ ਹੈ । ਇਸ ਲਈ ਇਸ ਖਿੱਤੇ ਵਿਚ ਮਨੁੱਖਤਾ ਲਈ ਬਹੁਤ ਵੱਡੀ ਖਤਰੇ ਦੀ ਘੰਟੀ ਹੈ । ਉਨ੍ਹਾਂ ਕਿਹਾ ਕਿ ਹੁਣੇ ਹੀ ਯੂ.ਐਸ ਕਮਿਸਨ ਓਨ ਇੰਟਰਨੈਸ਼ਨਲ ਰੀਲੀਜੀਅਸ ਫਰੀਡਮ ਦੀ ਆਈ ਰਿਪੋਰਟ ਵਿਚ ਜੋਰਦਾਰ ਗੁਜਾਰਿਸ਼ ਕੀਤੀ ਗਈ ਹੈ ਕਿ ਆਰ.ਐਸ.ਐਸ ਅਤੇ ਇੰਡੀਆ ਦੀ ਰਾਅ ਏਜੰਸੀ ਵੱਡੇ ਪੱਧਰ 'ਤੇ ਕੌਮਾਂਤਰੀ ਕਾਨੂੰਨਾਂ ਦਾ ਘੋਰ ਉਲੰਘਣ ਕਰ ਰਹੀ ਹੈ ਅਤੇ ਇੰਡੀਆ ਵਿਚ ਘੱਟ ਗਿਣਤੀਆ ਤੇ ਜ਼ਬਰ ਜੁਲਮ ਕਰਦੀ ਆ ਰਹੀ ਹੈ ਇਸ ਲਈ ਇਹ ਦੋਵੇਂ ਸੰਸਥਾਵਾਂ ਉਤੇ ਕੌਮਾਂਤਰੀ ਕਾਨੂੰਨਾਂ ਅਧੀਨ ਪਾਬੰਦੀ ਲਗਾ ਦਿੱਤੀ ਗਈ ਹੈ । ਇਹ ਦੋਵੇ ਸੰਸਥਾਵਾਂ ਤੇ ਇੰਡੀਅਨ ਹੁਕਮਰਾਨ ਇਜਰਾਇਲ ਦੀ ਤਰ੍ਹਾਂ ਵਿਸਫੋਟਕ ਮਾਹੌਲ ਬਣਾ ਰਹੀਆ ਹਨ । ਜਿਵੇਂ ਇਜਰਾਇਲ ਨੇ ਇਰਾਨ ਵਿਚ ਰੀਫੈਨਰੀ ਜਲਾ ਦਿੱਤੀ ਹੈ । ਇਰਾਨ ਨੇ ਵੀ ਰੀਫੈਨਰੀਆ ਤੇ ਹਮਲਾ ਕਰਕੇ ਵੱਡਾ ਨੁਕਸਾਨ ਕਰ ਦਿੱਤਾ ਹੈ । ਕੌਮਾਂਤਰੀ ਪੱਧਰ 'ਤੇ ਜਾਂ ਇੰਡੀਆ 'ਚ ਅਜਿਹਾ ਮਾਹੌਲ ਬਿਲਕੁਲ ਨਹੀਂ ਹੋਣਾ ਚਾਹੀਦਾ। ਇਸ ਲਈ ਸਿੱਖਾਂ ਨੂੰ ਚਾਹੀਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) 28 ਮਾਰਚ ਨੂੰ ਵਾਹਗਾ ਸਰਹੱਦ 'ਤੇ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਨਾਲ ਹੁਕਮਰਾਨਾਂ ਵੱਲੋਂ ਕੀਤੀਆ ਜਾ ਰਹੀਆ ਜਿਆਦਤੀਆ ਵਿਰੁੱਧ ਤੇ ਵਾਹਗਾ ਸਰਹੱਦ ਨੂੰ ਕੌਮਾਂਤਰੀ ਵਪਾਰ ਲਈ ਖੋਲਣ ਦੇ ਮਕਸਦ ਨੂੰ ਲੈ ਕੇ ਵੱਡੀ ਰੈਲੀ ਕਰ ਰਿਹਾ ਹੈ । ਜਿਸ ਵਿਚ ਇਨਸਾਫ ਮੋਰਚਾ, ਸਿੱਖ ਸਟੂਡੈਂਟ ਫੈਡਰੇਸ਼ਨ, ਦਲ ਖ਼ਾਲਸਾ, ਕਿਸਾਨ ਯੂਨੀਅਨਾਂ, ਪੰਜਾਬ ਸੂਬੇ ਤੇ ਪੰਜਾਬੀਆ ਨਾਲ ਪਿਆਰ ਮੁਹੱਬਤ ਕਰਨ ਵਾਲੇ ਹਰ ਸੰਗਠਨ ਅਤੇ ਵਿਅਕਤੀ ਨੂੰ ਸਿੱਦਤ ਨਾਲ ਯੋਗਦਾਨ ਪਾ ਕੇ 28 ਮਾਰਚ ਦੀ ਰੈਲੀ ਵਿਚ ਹੁੰਮ-ਹੁਮਾ ਕੇ ਸ਼ਮੂਲੀਅਤ ਕਰਨ ਦੇ ਫਰਜ ਬਣਦੇ ਹਨ । ਜਦੋਂ ਇਹ ਸਾਡੀਆਂ ਸਰਹੱਦਾਂ ਕਿਸਾਨੀ ਅਤੇ ਵਪਾਰਕ ਵਸਤਾਂ ਦੀ ਖਰੀਦੋ ਫਰੋਖਤ ਲਈ ਖੁੱਲ੍ਹ ਜਾਵੇਗੀ ਤਾਂ ਜੋ ਗੈਂਗਸਟਰ ਅਤੇ ਸਮੱਗਲਰ ਬੇਰੁਜ਼ਗਰੀ ਕਾਰਨ ਇਸ ਧੰਦੇ ਵਿਚ ਲੱਗੇ ਹੋਏ ਹਨ ਉਨ੍ਹਾਂ ਨੂੰ ਸਹੀ ਢੰਗ ਨਾਲ ਰੁਜਗਾਰ ਮਿਲਣ ਵਿਚ ਮਦਦ ਮਿਲੇਗੀ, ਵਪਾਰ, ਟਰਾਂਸਪੋਰਟ ਦੇ ਕਿੱਤੇ ਪ੍ਰਫੁੱਲਿਤ ਹੋਣਗੇ ਅਤੇ ਪੰਜਾਬ ਦੀ ਮਾਲੀ ਹਾਲਤ ਪਹਿਲੇ ਨਾਲੋਂ ਬਿਹਤਰ ਬਣੇਗੀ । ਉਨ੍ਹਾਂ ਕਿਹਾ ਕਿ ਜੋ ਸੈਕਟਰ 9 ਚੰਡੀਗੜ੍ਹ ਵਿਚ ਮੌਤ ਹੋਈ ਹੈ ਤੇ ਇਸੇ ਤਰ੍ਹਾਂ ਗੁਰਦਾਸਪੁਰ ਵਿਚ ਬੇਕਸੂਰ ਇਕ ਰਣਜੀਤ ਸਿੰਘ ਨਾਮ ਦੇ ਨੌਜਵਾਨ ਨੂੰ ਵੀ ਪੁਲਿਸ ਨੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਹੈ । ਜਦੋਂ ਕੋਈ ਰਣਜੀਤ ਸਿੰਘ ਵੱਲੋਂ ਸਿਪਾਹੀ ਜਾਂ ਕਾਂਸਟੇਬਲ ਨੂੰ ਮਾਰਨ ਦਾ ਕੋਈ ਸਬੂਤ ਹੀ ਨਹੀਂ, ਦੂਸਰਾ ਜਿਸ ਆਈ.ਐਸ.ਆਈ ਦਾ ਬਹਾਨਾ ਬਣਾ ਕੇ ਕਿਹਾ ਜਾ ਰਿਹਾ ਹੈ ਕਿ ਰਣਜੀਤ ਸਿੰਘ ਉਨ੍ਹਾਂ ਦਾ ਮੈਂਬਰ ਸੀ । ਕੀ ਆਈ.ਐਸ.ਆਈ ਕਿਸੇ ਕਾਂਸਟੇਬਲ ਜਾਂ ਸਿਪਾਹੀ ਨੂੰ ਨਿਸ਼ਾਨਾਂ ਬਣਾਏਗੀ ? ਉਨ੍ਹਾਂ ਇਸ ਗੱਲ ਤੇ ਬਹੁਤ ਹੀ ਹੈਰਾਨੀ ਤੇ ਦੁੱਖ ਜਾਹਰ ਕੀਤਾ ਕਿ ਚੰਡੀਗੜ੍ਹ ਵਿਚ ਜੋ ਇਨਸਾਨ ਮਾਰਿਆ ਗਿਆ ਹੈ ਉਸ ਉਤੇ ਤਾਂ ਦਾ ਟ੍ਰਿਬਿਊਨ ਦੇ ਐਡੀਟਰ ਵੱਲੋਂ ਬਹੁਤ ਵੱਡਾ ਆਰਟੀਕਲ ਲਿਖ ਦਿੱਤਾ ਹੈ । ਲੇਕਿਨ ਜੋ ਬੇਕਸੂਰ ਰਣਜੀਤ ਸਿੰਘ ਹੱਥਕੜੀਆ ਲਗਾ ਕੇ ਅਤੇ ਮਨਘੜ੍ਹਤ ਜੀਪ ਉਲਟਨ ਦੀ ਕਹਾਣੀ ਬਣਾ ਕੇ ਫਰਾਰ ਹੋਣ ਦੀ ਗੱਲ ਕਰਕੇ ਝੂਠੇ ਪੁਲਿਸ ਮੁਕਾਬਲੇ 'ਚ ਮਾਰ ਦਿੱਤਾ ਗਿਆ ਹੈ, ਉਸ ਬਾਰੇ ਇਹ ਆਪਣੇ ਆਪ ਨੂੰ ਨਿਰਪੱਖਤਾ ਦੀ ਕਲਮ ਤੋਂ ਲਿਖਣ ਵਾਲੇ ਐਡੀਟਰ ਇਸ ਵੱਡੇ ਕਤਲ ਵਾਲੇ ਮੁੱਦੇ 'ਤੇ ਲਿਖਣ ਤੋਂ ਕਿਉਂ ਇਨਕਾਰੀ ਹਨ ? ਇਹ ਇਸ ਤੋਂ ਪ੍ਰਤੱਖ ਹੋ ਜਾਂਦਾ ਹੈ ਕਿ ਮੁਤੱਸਵੀ ਮੀਡੀਏ ਵਿਚ ਚੱਲਣ ਵਾਲੇ ਲੋਕ ਵੀ ਨਿਰਪੱਖਤਾ ਨਾਲ ਆਪਣੀ ਕਲਮ ਦੀ ਵਰਤੋਂ ਨਹੀਂ ਕਰ ਰਹੇ । ਬਲਕਿ ਹੁਕਮਰਾਨਾਂ ਦੀਆਂ ਖੁਸ਼ੀਆ ਪ੍ਰਾਪਤ ਕਰਨ ਹਿੱਤ ਉਨ੍ਹਾਂ ਨੂੰ ਜੋ ਸਹੀ ਭਾਉਂਦਾ ਹੈ ਉਸ ਉੱਤੇ ਹੀ ਲਿਖਦੇ ਹਨ, ਲੇਕਿਨ ਸੱਚ ਨੂੰ ਪ੍ਰਗਟਾਉਣ ਵੇਲੇ ਇਨ੍ਹਾਂ ਦੇ ਕੰਨ,ਅੱਖਾਂ ਅਤੇ ਜੁਬਾਨ ਬੰਦ ਹੋ ਜਾਂਦੇ ਹਨ ।



# ਨਿਰੰਤਰ ਤੇ ਨਿਰਵਿਘਨ ਘਰੇਲੂ ਐਲਪੀਜੀ ਸਪਲਾਈ ਯਕੀਨੀ ਬਣਾਉਣਾ ਤਰਜੀਹ; ਕਾਲਾਬਾਜ਼ਾਰੀ, ਜਮ੍ਹਾਂਖੋਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ: ਵਰਜੀਤ ਵਾਲੀਆ

## 'ਪਹਿਲਾਂ ਬੁੱਕ ਕੀਤਾ ਸਿਲੰਡਰ ਪਹਿਲਾਂ ਡਿਲੀਵਰ ਕੀਤਾ ਜਾਵੇ' ਸਿਸਟਮ ਯਕੀਨੀ ਬਣਾਉਣ ਦੀ ਵੀ ਹਦਾਇਤ, ਪੀਐਨਜੀ ਕੁਨੈਕਸ਼ਨ ਲੈਣੇ ਉਤਸ਼ਾਹਿਤ ਕੀਤੇ ਜਾਣ- ਡਿਪਟੀ ਕਮਿਸ਼ਨਰ

**ਆਜ਼ਾਦ ਸੋਚ**
**ਹਰਵਿੰਦਰ ਲਾਲੀ**
**ਪਟਿਆਲਾ,20 ਮਾਰਚ**

========================

ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਜ਼ਿਲ੍ਹੇ ਵਿੱਚ ਘਰੇਲੂ ਅਤੇ ਵਪਾਰਕ ਐਲਪੀਜੀ ਦੀ ਸਪਲਾਈ ਦੀ ਸਮੀਖਿਆ ਕੀਤੀ। ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ, ਹੋਰ ਅਧਿਕਾਰੀਆਂ ਅਤੇ ਗੈਸ ਕੰਪਨੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਡਿਪਟੀ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਘਰੇਲੂ ਖਪਤਕਾਰਾਂ ਨੂੰ ਐਲਪੀਜੀ ਸਿਲੰਡਰਾਂ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣਾ ਹੈ। ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਲੀਕੇਜ, ਕਾਲਾਬਾਜ਼ਾਰੀ ਜਾਂ ਜਮਹਾਂਖੋਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



ਡੀਸੀ ਵਰਜੀਤ ਵਾਲੀਆ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸੰਸਥਾਵਾਂ ਅਤੇ ਥੋਕ ਖਪਤਕਾਰਾਂ ਨੂੰ ਐਲਪੀਜੀ ਸਿਲੰਡਰਾਂ 'ਤੇ ਨਿਰਭਰਤਾ ਘਟਾਉਣ ਅਤੇ ਵਧੇਰੇ ਕੁਸ਼ਲ ਊਰਜਾ ਵਰਤੋਂ ਨੂੰ ਯਕੀਨੀ ਬਣਾਉਣ ਲਈ, ਜਿੱਥੇ ਵੀ ਸੰਭਵ ਹੋਵੇ, ਪਾਈਪਡ ਨੈਚੁਰਲ ਗੈਸ (ਪੀਐਨਜੀ) ਕੁਨੈਕਸ਼ਨ ਲੈਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।ਡਿਪਟੀ ਕਮਿਸ਼ਨਰ ਨੇ ਖਪਤਕਾਰਾਂ ਨੂੰ ਅਫਰਾ ਤਫਰੀ 'ਚ ਆ ਕੇ ਐਲਪੀਜੀ ਸਿਲੰਡਰਾਂ ਦੀ ਬੁਕਿੰਗ ਕਰਵਾਉਣ ਤੋਂ ਬਚਣ ਦੀ ਅਪੀਲ ਕੀਤੀ, ਕਿਉਂਕਿ ਅਜਿਹਾ ਕਰਨਾ ਸਪਲਾਈ ਪ੍ਰਣਾਲੀ 'ਤੇ ਬੇਲੋੜਾ ਦਬਾਅ ਪਾਉਂਦਾ ਹੈ। ਉਨ੍ਹਾਂ ਨੇ ਜ਼ਿਲ੍ਹੇ ਦੇ ਵਸਨੀਕਾਂ ਨੂੰ ਭਰੋਸਾ ਦਿਵਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ, ਜ਼ਿਲ੍ਹਾ ਪ੍ਰਸ਼ਾਸਨ ਘਰੇਲੂ ਐਲਪੀਜੀ ਦੇ ਨਾਲ-ਨਾਲ ਜ਼ਰੂਰੀ ਮੈਡੀਕਲ ਅਤੇ ਵਿਦਿਅਕ ਸੰਸਥਾਵਾਂ ਨੂੰ ਸੁਚਾਰੂ ਅਤੇ ਢੁਕਵੀਂ ਸਪਲਾਈ ਯਕੀਨੀ ਬਣਾਉਣ ਲਈ ਵਚਨਬੱਧ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਕਿਹਾ ਕਿ ਵਪਾਰਕ ਅਦਾਰਿਆਂ ਨੂੰ ਸਪਲਾਈ ਲੋੜ ਅਨੁਸਾਰ ਘਟਾਈ ਗਈ ਹੈ।

ਡਿਪਟੀ ਕਮਿਸ਼ਨਰ ਨੇ ਫੂਡ ਸਪਲਾਈ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਯਕੀਨੀ ਬਣਾਉਣ ਕਿ ਗੈਸ ਏਜੰਸੀਆਂ ਨੂੰ ਘਰੇਲੂ ਐਲਪੀਜੀ ਸਿਲੰਡਰਾਂ ਦੀ ਨਿਯਮਤ ਸਪਲਾਈ ÷ਪਹਿਲਾਂ ਬੁੱਕ ਕੀਤਾ ਗਿਆ ਸਿਲੰਡਰ ਪਹਿਲਾਂ ਡਿਲੀਵਰ ਕੀਤਾ ਜਾਵੇ÷ ਦੇ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਕਿ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਗੈਸ ਏਜੰਸੀਆਂ ਦੇ ਰਿਕਾਰਡ ਦੀ ਨਿਯਮਤ ਤੌਰ 'ਤੇ ਜਾਂਚ ਕੀਤੀ ਜਾਵੇ। ਇਸ ਤੋਂ ਇਲਾਵਾ, ਗੈਸ ਏਜੰਸੀਆਂ ਨੂੰ ਸਪਲਾਈ ਅਤੇ ਡਿਲੀਵਰੀ ਦਾ ਰੋਜ਼ਾਨਾ ਡੇਟਾ ਪ੍ਰਦਰਸ਼ਿਤ ਕਰਨ ਅਤੇ ਇਸ ਦਾ ਰਿਕਾਰਡ ਰੱਖਣ ਦੇ ਨਿਰਦੇਸ਼ ਦਿੱਤੇ।ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਵਪਾਰਕ ਐਲਪੀਜੀ ਸਿਲੰਡਰਾਂ ਦੀ ਮੰਗ ਇਸ ਉਦੇਸ਼ ਲਈ ਬਣਾਈ ਗਈ ਕਮੇਟੀ ਦੇ ਸਾਹਮਣੇ ਰੱਖੀ ਜਾਵੇ।ਉਨ੍ਹਾਂ ਸਪੱਸ਼ਟ ਤੌਰ 'ਤੇ ਨਿਰਦੇਸ਼ ਦਿੱਤੇ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਸਪਤਾਲਾਂ ਨੂੰ ਐਲਪੀਜੀ ਸਪਲਾਈ ਕਿਸੇ ਵੀ ਹਾਲਤ ਵਿੱਚ ਵਿਘਨ ਨਾ ਪਵੇ।ਡਿਪਟੀ ਕਮਿਸ਼ਨਰ ਨੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਨੂੰ ਗੈਰ-ਕਾਨੂੰਨੀ ਤੌਰ 'ਤੇ ਘਰੇਲੂ ਐਲਪੀਜੀ ਸਿਲੰਡਰਾਂ ਦੀ ਵਰਤੋਂ ਕਰਨ ਵਾਲੇ ਵਪਾਰਕ ਅਦਾਰਿਆਂ ਦੀ ਨਿਯਮਤ ਜਾਂਚ ਕਰਨ ਦੇ ਵੀ ਨਿਰਦੇਸ਼ ਦਿੱਤੇ ਤਾਂ ਜੋ ਸਹੀ ਵੰਡ ਨੂੰ ਯਕੀਨੀ ਬਣਾਇਆ ਜਾ ਸਕੇ ਤੇ ਕਾਲਾਬਾਜ਼ਾਰੀ ਅਤੇ ਜਮ ?ਹਾਂਖੋਰੀ ਨੂੰ ਰੋਕਿਆ ਜਾ ਸਕੇ ਉਨ੍ਹਾਂ ਇਹ ਵੀ ਕਿਹਾ ਕਿ ਸਾਰੇ ਐਲਪੀਜੀ ਖਪਤਕਾਰਾਂ ਦਾ ਈ-ਕੇਵਾਈਸੀ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇ।ਇਸ ਦੌਰਾਨ, ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੀਆਂ ਟੀਮਾਂ ਨੇ ਅੱਜ ਵੀ ਜ਼ਿਲ੍ਹੇ ਵਿੱਚ ਘਰੇਲੂ ਐਲਪੀਜੀ ਸਿਲੰਡਰਾਂ ਦੀ ਦੁਰਵਰਤੋਂ ਦੀ ਜਾਂਚ ਕਰਨ ਲਈ ਵਪਾਰਕ ਅਦਾਰਿਆਂ 'ਤੇ ਜਾਂਚ ਕੀਤੀ।

# ਸ਼੍ਰੀ ਇੱਛਾਪੂਰਨ ਭੋਲੇਨਾਥ ਮੰਦਿਰ ਗਰੀਨ ਟਾਊਨ ਵਿਖੇ ਰਾਮ ਕਥਾ 27 ਨੂੰ, ਸੰਗਤਾਂ ਹੁੰਮ-ਹੁਮਾ ਕੇ ਪਹੁੰਚਣ : ਹਰਿੰਦਰ ਭਟੇਜਾ, ਸੰਜੇ ਥਰੇਜਾ





**ਆਜ਼ਾਦ ਸੋਚ**
**ਸੰਜੇ ਬਾਂਸਲ/ਸਮਾਣਾ, 20 ਮਾਰਚ**

==========================

ਸ਼੍ਰੀ ਇੱਛਾਪੂਰਨ ਭੋਲੇਨਾਥ ਮੰਦਿਰ ਦੀ ਚੌਥੀ ਵਰ੍ਹੇਗੰਢ ਅਤੇ ਰਾਮ ਨੌਵੀਂ ਦੇ ਸ਼ੁਭ ਮੌਕੇ 'ਤੇ ਗ੍ਰੀਨ ਟਾਊਨ ਸਥਿਤ ਮੰਦਿਰ ਵਿਖੇ 27 ਮਾਰਚ 2026 (ਸ਼ੁੱਕਰਵਾਰ) ਨੂੰ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਮਰਯਾਦਾ ਪੁਰਸ਼ੋਤਮ ਸ਼੍ਰੀ ਰਾਮ ਜੀ ਦੀ ਜੀਵਨ ਗਾਥਾ "ਸ਼੍ਰੀ ਰਾਮ ਕਥਾ"ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਕਰਵਾਈ ਜਾਵੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗ੍ਰੀਨ ਟਾਊਨ ਵੈਲਫੇਅਰ ਸੋਸਾਇਟੀ ਅਤੇ ਧਰਮਸ਼ਾਲਾ ਕਮੇਟੀ (ਰਜਿ.) ਸਮਾਣਾ ਦੇ ਪ੍ਰਧਾਨ ਹਰਿੰਦਰ ਭਟੇਜਾ ਅਤੇ ਮੈਂਬਰ ਸੰਜੇ ਥਰੇਜਾ ਨੇ ਦੱਸਿਆ ਕਿ ਇਸ ਮੌਕੇ ਮਸ਼ਹੂਰ ਕਥਾ ਵਾਚਕ ਡਾ. ਸਵਾਮੀ ਰਾਮਤੀਰਥ ਜੀ ਮਹਾਰਾਜ ਵੱਲੋਂ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਉਨ੍ਹਾਂ ਸਮੂਹ ਕਲੋਨੀ ਵਾਸੀਆਂ ਅਤੇ ਸ਼ਹਿਰ ਦੇ ਧਰਮ ਪ੍ਰੇਮੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਮੇਂ ਅਨੁਸਾਰ ਪਹੁੰਚ ਕੇ ਇਸ ਪਵਿੱਤਰ ਸਮਾਗਮ ਦਾ ਲਾਭ ਲੈਣ ਅਤੇ ਭਗਵਾਨ ਸ਼੍ਰੀ ਰਾਮ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ।

# ਪੰਜਾਬੀ ਸਾਹਿਤ ਸਭਾ ਪਟਿਆਲਾ ਨੇ ਬਜ਼ੁਰਗ ਲੇਖਕ ਐਡਵੋਕੇਟ ਦਲੀਪ ਸਿੰਘ ਵਾਸਨ ਨੂੰ ਘਰ ਜਾ ਕੇ ਕੀਤਾ ਸਨਮਾਨਿਤ

## ਪੰਜਾਬ ਸਰਕਾਰ ਉਨ੍ਹਾਂ ਦੀ ਅਣਛਪੀ ਸਵੈ-ਜੀਵਨੀ ਛਾਪੇ: ਡਾ.ਦਰਸ਼ਨ ਸਿੰਘ ਆਸ਼ਟ

ਨਵੀਂ ਦਿੱਲੀ, 19 ਮਾਰਚ (ਸੁਖਰਾਜ ਸਿੰਘ): ਪੰਜਾਬੀ ਸਾਹਿਤ ਸਭਾ ਪਟਿਆਲਾ ਦੀ ਕਾਰਜਕਾਰਨੀ ਵੱਲੋਂ ਅੱਜ ਪੰਜਾਬੀ ਦੇ ਉਘੇ ਲੇਖਕ ਐਡਵੋਕੇਟ ਦਲੀਪ ਸਿੰਘ ਵਾਸਨ (90) ਦੇ ਘਰ ਜਾ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਦਾ ਸਨਮਾਨ ਕਰਦਿਆਂ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ ਨੇ ਕਿਹਾ ਕਿ ਐਡਵੋਕੇਟ ਦਲੀਪ ਸਿੰਘ ਵਾਸਨ ਨੇ ਅੱਧੀ ਸਦੀ ਤੋਂ ਵੀ ਵਧੇਰੇ ਸਮਾਂ ਪੰਜਾਬੀ ਮਾਤ ਭਾਸ਼ਾ ਦੀ ਨਿਸ਼ਕਾਮ ਸੇਵਾ ਕਰਦਿਆਂ ਇਸ ਦੇ ਵਿਕਾਸ ਲਈ ਅਹਿਮ ਯੋਗਦਾਨ ਪਾਇਆ ਹੈ।ਜਿੱਥੇ ਉਨ੍ਹਾਂ ਨੇ ਪੰਜਾਬੀ ਨਾਵਲਨਿਗਾਰੀ ਅਤੇ ਵਾਰਤਕ ਦੇ ਖੇਤਰ ਵਿਚ ਅਹਿਮ ਪੁਸਤਕਾਂ ਦੀ ਸਿਰਜਣਾ ਕੀਤੀ ਉਥੇ ਹੀ ਬੱਚਿਆਂ ਨੂੰ ਵੀ ਸਮਾਜਕ ਵਿਸ਼ਿਆਂ ਬਾਰੇ ਸਰਲ ਭਾਸ਼ਾ ਵਿਚ ਸਾਹਿਤ ਮੁਹੱਈਆ ਕਰਵਾਇਆ। ਉਨ੍ਹਾਂ ਨੇ ਸਾਹਿਤ ਨਾਲ ਸੰਬੰਧਤ ਲਗਭਗ ਇਕ ਦਰਜਨ ਪੁਸਤਕਾਂ ਤੋਂ ਇਲਾਵਾ ਭਾਰਤੀ ਕਾਨੂੰਨ ਨਾਲ ਸੰਬੰਧਤ ਕਈ ਹੋਰ ਅਹਿਮ ਪੁਸਤਕਾਂ ਦਾ ਪੰਜਾਬੀ ਭਾਸ਼ਾ ਵਿਚ ਅਨੁਵਾਦ ਕੀਤਾ ਹੈ।ਇਸ ਤੋਂ ਇਲਾਵਾ ਉਨ੍ਹਾਂ ਦੀਆਂ ਕਈ ਅਹਿਮ ਪੁਸਤਕਾਂ ਅਣਛਪੇ ਰੂਪ 'ਚ ਪਈਆਂ ਹਨ, ਜਿਨ੍ਹਾਂ ਨੂੰ ਹੁਣ ਉਹ ਨਿੱਜੀ ਤੌਰ 'ਤੇ ਛਪਵਾਉਣ ਤੋਂ ਅਸਮਰੱਥ ਹਨ। ਡਾ. ਆਸ਼ਟ ਨੇ ਪੰਜਾਬ ਦੇ ਮੁਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬੀ ਭਾਸ਼ਾ, ਸਾਹਿਤ, ਪ੍ਰਬੰਧ ਅਤੇ ਕਾਨੂੰਨ ਪ੍ਰਣਾਲੀ ਦਾ ਵਿਸ਼ਾਲ ਤਜਰਬਾ ਰੱਖਣ ਵਾਲੇ ਅਤੇ ਪਿੰਡ ਬੋਦਲਾ ਤਹਿਸੀਲ ਐਬਟਾਬਾਦ ਜ਼ਿਲ੍ਹਾ ਹਜ਼ਾਰਾ (ਅੱਜ ਕੱਲ੍ਹ ਪਾਕਿਸਤਾਨ) ਦੇ ਜੰਮਪਲ 90 ਸਾਲਾ ਐਡਵੋਕੇਟ ਵਾਸਨ ਦੀ ਅਣਛਪੀ ਸਵੈ-ਜੀਵਨੀ ਜ਼ਰੂਰ ਛਾਪੇ, ਤਾਂ ਜੋ ਨਵੀਂ ਪੀੜ੍ਹੀ ਉਨ੍ਹਾਂ ਦੇ ਅਨੁਭਵ ਅਤੇ ਸੰਘਰਸ਼ ਤੋਂ ਪ੍ਰੇਰਣਾ ਲੈ ਕੇ ਵੱਖ-ਵੱਖ ਖੇਤਰਾਂ ਵਿਚ ਪ੍ਰਾਪਤੀਆਂ ਨੂੰ ਛੋਹ ਸਕੇ। ਡਾ. ਆਸ਼ਟ ਨੇ ਇਹ ਵੀ ਕਿਹਾ ਕਿ ਸਭਾ ਵੱਲੋਂ ਭਵਿੱਖ 'ਚ ਉਨ੍ਹਾਂ ਸਾਰੇ ਬਜ਼ੁਰਗ ਸਾਹਿਤਕਾਰਾਂ ਦੇ ਘਰ ਜਾ ਕੇ ਉਨ੍ਹਾਂ ਦਾ ਸਨਮਾਨ ਕਰਨ ਦੀ ਰਵਾਇਤ ਜਾਰੀ ਰੱਖੀ ਜਾਵੇਗੀ ਜਿਹੜੇ ਸਰੀਰਕ ਤੌਰ 'ਤੇ ਘਰੋਂ ਬਾਹਰ ਸਮਾਗਮਾਂ ਆਦਿ ਵਿਚ ਸ਼ਾਮਿਲ ਨਹੀਂ ਹੋ ਸਕਦੇ। ਇਸ ਦੌਰਾਨ ਸਭਾ ਦੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ, ਵਿੱਤ ਸਕੱਤਰ ਬਲਬੀਰ ਸਿੰਘ ਦਿਲਦਾਰ ਅਤੇ ਪ੍ਰੈਸ ਸਕੱਤਰ ਨਵਦੀਪ ਸਿੰਘ ਮੁੰਡੀ ਤੋਂ ਇਲਾਵਾ ਸੁਰਜੀਤ ਕੌਰ ਤੇ ਕਮਲਦੀਪ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਨੇ ਵੱਖ ਵੱਖ ਪੱਖਾਂ ਤੋਂ ਐਡਵੋਕੇਟ ਦਲੀਪ ਸਿੰਘ ਵਾਸਨ ਦੇ ਜੀਵਨ ਅਨੁਭਵ ਅਤੇ ਸਾਹਿਤ ਰਚਨਾ ਬਾਰੇ ਵਿਸਥਾਰ ਵਿਚ ਸੰਵਾਦ ਰਚਾਇਆ। ਆਪਣੀ ਰਚਨਾ ਪ੍ਰਕਿਰਿਆ ਬਾਰੇ ਚਰਚਾ ਕਰਦਿਆਂ ਐਡਵੋਕੇਟ ਵਾਸਨ ਨੇ ਕਿਹਾ ਕਿ ਭਾਵੇਂ ਉਹ ਸਰੀਰਕ ਤੌਰ 'ਤੇ ਪਹਿਲਾਂ ਵਾਂਗ ਕਾਰਜਸ਼ੀਲ ਨਹੀਂ ਰਹੇ ਪਰੰਤੂ ਮਾਨਸਿਕ ਤੌਰ 'ਤੇ ਅਜੇ ਵੀ ਨਿਰੰਤਰ ਸਾਹਿਤ ਸਾਧਨਾ ਨਾਲ ਜੁੜੇ ਹੋਏ ਹਨ ਤੇ ਵੱਡੀ ਤਾਦਾਦ ਵਿਚ ਉਨ੍ਹਾਂ ਦੇ ਪਾਠਕ ਉਨ੍ਹਾਂ ਨਾਲ ਸੋਸ਼ਲ ਮੀਡੀਆ 'ਤੇ ਜੁੜੇ ਹੋਏ ਹਨ।ਉਨ੍ਹਾਂ ਦੀ ਸਾਹਿਤ ਰਚਨਾ ਦਾ ਬੁਨਿਆਦੀ ਮਕਸਦ ਮਾਂ ਬੋਲੀ ਅਤੇ ਸਾਹਿਤ ਦੇ ਜ਼ਰੀਏ ਸੁਖਾਵੇਂ ਅਤੇ ਖ਼ੁਸ਼ਹਾਲ ਮਨੁੱਖੀ ਸਮਾਜ ਦਾ ਨਿਰਮਾਣ ਕਰਨਾ ਹੈ। ਦਵਿੰਦਰ ਪਟਿਆਲਵੀ ਨੇ ਇਸ ਸੰਖੇਪ ਪ੍ਰਭਾਵਸ਼ਾਲੀ ਮਿਲਣੀ 'ਚ ਸ਼ਾਮਿਲ ਵਿਅਕਤੀਆਂ ਦਾ ਧੰਨਵਾਦ ਕੀਤਾ।



# ਪਾਕਿਸਤਾਨ ਦੇ ਈਸਾਈ ਸਕੂਲ 'ਚ ਸਿੱਖ ਕੁੜੀ ਦੀ ਪੱਗ ਉਤਾਰਨਾ ਮੰਦਭਾਗਾ ਤੇ ਨਿੰਦਣਯੋਗ: ਬਖਸ਼ੀ ਗੁਣਜੀਤ ਸਿੰਘ

ਨਵੀਂ ਦਿੱਲੀ, 20 ਮਾਰਚ (ਸੁਖਰਾਜ ਸਿੰਘ): ਸਿੱਖ ਬ੍ਰਦਰਹੁੱਡ ਇੰਟਰਨੈਸ਼ਨਲ ਸੰਸਥਾ ਨੇ ਉਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ, ਜਿਸ ਵਿੱਚ ਫੈਸਲਾਬਾਦ ਜ਼ਿਲ੍ਹੇ (ਪਹਿਲਾਂ ਲਾਇਲਪੁਰ ਵੱਜੋਂ ਜਾਣਿਆ ਜਾਂਦਾ ਸੀ) ਦੇ ਇੱਕ ਈਸਾਈ ਸਕੂਲ ਵਿੱਚ ਇੱਕ ਅੰਮ੍ਰਿਤਧਾਰੀ ਸਿੱਖ ਕੁੜੀ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਉਸ ਦੀ ਪੱਗ ਉਤਾਰ ਦਿੱਤੀ ਗਈ ਅਤੇ ਸਕੂਲ ਪ੍ਰਸ਼ਾਸਨ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਸਿੱਖ ਬ੍ਰਦਰਹੁੱਡ ਇੰਟਰਨੈਸ਼ਨਲ ਦੇ ਕੌਮੀ ਜਨਰਲ ਸਕੱਤਰ ਬਖਸ਼ੀ ਗੁਣਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਹੈ ਕਿ ਪਾਕਿਸਤਾਨ ਦੇ ਫੈਸਲਾਬਾਦ ਦੇ ਵਾਰਿਸਪੁਰਾ ਖੇਤਰ ਵਿੱਚ ਸੇਂਟ ਕੈਥਰੀਨ ਗਰਲਜ਼ ਹਾਈ ਸਕੂਲ ਦੀ ਵਿਦਿਆਰਥਣ ਸਤਨਾਮ ਕੌਰ ਨੂੰ ਸਕੂਲ ਪ੍ਰਬੰਧਨ ਨੇ ਨਾ ਸਿਰਫ਼ ਉਸ ਦੀ ਪੱਗ ਉਤਾਰ ਦਿੱਤੀ, ਸਗੋਂ ਈਸਾਈ ਪ੍ਰਾਰਥਨਾ ਦਾ ਪਾਠ ਕਰਨ ਤੋਂ ਇਨਕਾਰ ਕਰਨ 'ਤੇ ਲੱਤਾਂ ਅਤੇ ਪੇਟ ਵਿੱਚ ਮੁੱਕੇ ਵੀ ਮਾਰੇ ਗਏ। ਪੀੜਤਾ ਦੀ ਮਾਂ ਮਨਪ੍ਰੀਤ ਕੌਰ ਦੇ ਅਨੁਸਾਰ ਉਸ ਦੀਆਂ ਚਾਰ ਧੀਆਂ ਹਨ: ਸਤਨਾਮ ਕੌਰ, ਅਸ਼ਮੀਤ ਕੌਰ, ਸੁਖਮਨੀ ਕੌਰ, ਸਿਮਰਨ ਕੌਰ ਅਤੇ ਇੱਕ ਪੁੱਤਰ, ਜੁਝਾਰ ਸਿੰਘ। ਮਨਮੀਤ ਕੌਰ ਦੇ ਅਨੁਸਾਰ ਸਤਨਾਮ ਕੌਰ ਦਮੇ ਤੋਂ ਪੀੜਤ ਹੈ। ਜਦੋਂ ਉਸ ਦੀ ਦੂਜੀ ਧੀ ਆਪਣੀ ਭੈਣ ਨੂੰ ਲੈਣ ਗਈ ਜੋ ਜ਼ਮੀਨ 'ਤੇ ਡਿੱਗ ਗਈ ਸੀ, ਤਾਂ ਅਧਿਆਪਕਾਂ ਨੇ ਉਸ ਨੂੰ ਰੋਕ ਦਿੱਤਾ, ਇਹ ਕਹਿ ਕੇ ਕਿ ਉਹ ਬੇਹੋਸ਼ ਅਤੇ ਦਰਦ ਵਿੱਚ ਹੋਣ ਦਾ ਦਿਖਾਵਾ ਕਰ ਰਹੀ ਸੀ। ਪੀੜਤਾ ਦੀ ਮਾਂ ਨੇ ਇਹ ਵੀ ਦੋਸ਼ ਲਗਾਇਆ ਕਿ ਸਕੂਲ ਵਿੱਚ ਉਸ ਨਾਲ ਹੋਏ ਦੁਰਵਿਵਹਾਰ ਵਿਰੁੱਧ ਕਾਰਵਾਈ ਦੀ ਅਪੀਲ ਕਰਨ ਦੇ ਬਾਵਜੂਦ, ਪਾਕਿਸਤਾਨ ਦੇ ਸਿੱਖ ਆਗੂਆਂ ਨੇ ਕੋਈ ਸਹਾਇਤਾ ਨਹੀਂ ਕੀਤੀ। ਮਨਮੀਤ ਕੌਰ ਨੂੰ ਪਹਿਲਾਂ ਫੈਸਲਾਬਾਦ ਦੀ ਡੀ-ਟਾਈਪ ਕਲੋਨੀ ਦੇ ਵਸਨੀਕ ਖੁਰਮ ਸ਼ਹਿਜ਼ਾਦ ਅਤੇ ਉਸ ਦੇ ਭਰਾ ਖਿਜ਼ਰ ਸ਼ਹਿਜ਼ਾਦ ਨੇ ਨੌਂ ਮਹੀਨਿਆਂ ਲਈ ਗੈਰ-ਕਾਨੂੰਨੀ ਕੈਦ ਵਿੱਚ ਰੱਖਿਆ ਸੀ। ਇਸ ਦੌਰਾਨ, ਖੁਰਮ, ਉਸ ਦੇ ਭਰਾ ਅਤੇ ਪਿਤਾ ਨੇ ਵਾਰ-ਵਾਰ ਉਸ ਨਾਲ ਬਲਾਤਕਾਰ ਕੀਤਾ ਅਤੇ ਤਸੀਹੇ ਦਿੱਤੇ। ਇਸ ਤੋਂ ਇਲਾਵਾ ਖੁਰਮ ਨੇ ਆਪਣੀ ਮਾਂ ਦੀ ਮਦਦ ਨਾਲ ਉਸ ਦੇ ਪੁੱਤਰ ਜੁਝਾਰ ਸਿੰਘ ਦੇ ਕੇਸ ਵੀ ਵਿਗਾੜ ਦਿੱਤੇ। ਇੱਕ ਪੱਤਰਕਾਰ ਦੁਆਰਾ ਇਸ ਮੁੱਦੇ ਨੂੰ ਉਜਾਗਰ ਕਰਨ ਤੋਂ ਬਾਅਦ ਪੰਜਾਬ (ਪਾਕਿਸਤਾਨ) ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸ. ਰਮੇਸ਼ ਸਿੰਘ ਅਰੋੜਾ ਨੇ ਫੈਸਲਾਬਾਦ ਪੁਲਿਸ 'ਤੇ ਔਰਤ ਨੂੰ ਰਿਹਾਅ ਕਰਨ ਲਈ ਦਬਾਅ ਪਾਇਆ।



ਅਜਿਹੀਆਂ ਘਟਨਾਵਾਂ ਸਿੱਖ ਭਾਈਚਾਰੇ ਨੂੰ ਇਹ ਮੰਨਣ ਲਈ ਮਜ਼ਬੂਰ ਕਰਦੀਆਂ ਹਨ ਕਿ ਇਹ ਕਾਰਵਾਈਆਂ ਪਾਕਿਸਤਾਨੀ ਸਰਕਾਰ ਦੇ ਇਸ਼ਾਰੇ 'ਤੇ ਸਿੱਖ ਭਾਈਚਾਰੇ ਵਿਰੁੱਧ ਕੀਤੀਆਂ ਜਾ ਰਹੀਆਂ ਹਨ।

# ਲੋਕਾਂ ਦੇ ਭਰੋਸੇ 'ਤੇ ਖਰੀ ਉਤਰੀ 'ਆਪ' ਸਰਕਾਰ : ਰਣਜੀਤ ਸਿੰਘ ਮਠਾੜੂ

**ਆਜ਼ਾਦ ਸੋਚ**
**ਪਰਮਜੀਤ ਸਿੰਘ ਪੰਮਾ /ਮੌੜ ਮੰਡੀ, 20 ਮਾਰਚ**

========================

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਣਜੀਤ ਸਿੰਘ ਮਠਾੜੂ ਸੂਬਾ ਉਪ ਪ੍ਰਧਾਨ ਪੰਜਾਬ ਸਾਬਕਾ ਮੁਲਾਜ਼ਮ ਵਿੰਗ ਨੇ ਕਿਹਾ ਕਿ ਆਪ ਸਰਕਾਰ ਨੇ ਆਪਣੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਲੋਕਾਂ ਨਾਲ ਕੀਤੇ ਮੁੱਖ ਵਾਅਦੇ ਪੂਰੇ ਕੀਤੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਲੋਕ ਭਲਾਈ ਅਤੇ ਸੂਬੇ ਦੇ ਸਮੱਗਰੀਕ ਵਿਕਾਸ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ ਉਨ੍ਹਾਂ ਕਿਹਾ ਕਿ ਸਿਹਤ ਖੇਤਰ ਵਿੱਚ ਮੁਹੱਲਾ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੁਫ਼ਤ ਇਲਾਜ ਦਿੱਤਾ ਜਾ ਰਿਹਾ ਹੈ ਅਤੇ ਸਿੱਖਿਆ ਖੇਤਰ ਵਿੱਚ ਸਕੂਲਾਂ ਨੂੰ ਆਧੁਨਿਕ ਬਣਾਇਆ ਗਿਆ ਹੈ। ਰੁਜ਼ਗਾਰ ਦੇ ਖੇਤਰ ਵਿੱਚ ਹਜ਼ਾਰਾਂ ਨੌਕਰੀਆਂ ਬਿਨਾਂ ਸਿਫਾਰਸ਼ ਦੇ ਦਿੱਤੀਆਂ ਗਈਆਂ ਅਤੇ ਖੇਤੀਬਾੜੀ ਵਿੱਚ ਕਿਸਾਨਾਂ ਨੂੰ ਦਿਨ ਦੇ ਸਮੇਂ ਬਿਜਲੀ ਸਪਲਾਈ ਅਤੇ ਨਹਿਰੀ ਪਾਣੀ ਟੇਲਾਂ ਤੱਕ ਪਹੁੰਚਾਇਆ ਗਿਆ। ਇਸ ਤੋਂ ਇਲਾਵਾ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ, ਮੁਫ਼ਤ ਬਿਜਲੀ ਅਤੇ ਮਹਿਲਾਵਾਂ ਲਈ ਆਰਥਿਕ ਸਹਾਇਤਾ ਸਮੇਤ ਕਈ ਸਮਾਜਿਕ ਸੁਰੱਖਿਆ ਯੋਜਨਾਵਾਂ ਚਲ ਰਹੀਆਂ ਹਨ ਉਨ੍ਹਾਂ ਦੱਸਿਆ ਕਿ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਤੇਜ਼ ਕੀਤਾ ਗਿਆ ਹੈ, ਬਜ਼ੁਰਗਾਂ ਲਈ ਮੁੱਖ ਮੰਤਰੀ ਤੀਰਥ ਯੋਜਨਾ ਤਹਿਤ ਧਾਰਮਿਕ ਯਾਤਰਾਵਾਂ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਆਧੁਨਿਕ ਸਟੇਡੀਅਮ ਤਿਆਰ ਕੀਤੇ ਜਾ ਰਹੇ ਹਨ ਅੰਤ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਲਿਆਂਦਾ ਜਾ ਰਿਹਾ ਹੈ ਅਤੇ ਸਰਕਾਰ ਦਾ ਮੁੱਖ ਟੀਚਾ ਪੰਜਾਬ ਨੂੰ ਅੱਗੇ ਵਧਦਾ ਸੂਬਾ ਬਣਾਉਣਾ ਹੈ।



# ਕੁਰਾਨ ਮਜੀਦ ਨੂੰ ਸੁੰਦਰ ਆਵਾਜ਼ ਵਿੱਚ ਸੁਨਣ ਨਾਲ ਦਿਲ ਤੇ ਮਨ ਨੂੰ ਸਕੂਨ ਮਿਲਦਾ ਹੈ : ਮੁਫਤੀ ਇਰਤਕਾ ਉਲ ਹਸਨ

## ਹਰ ਸ਼ਹਿਰ ਦੀ ਮਸਜਿਦ ਵਿੱਚ ਹੋਣੇ ਚਾਹੀਦੇ ਹਨ ਅਜਿਹੇ ਆਯੋਜਨ : ਥਿੰਦ

**ਆਜ਼ਾਦ ਸੋਚ**
**ਸ਼ਾਹਿਦ ਜ਼ੁਬੈਰੀ**
**ਮਾਲੇਰਕੋਟਲਾ , 20 ਮਾਰਚ**

========================

ਕੁਰਾਨ ਮਜੀਦ ਨੂੰ ਸੁੰਦਰ ਆਵਾਜ਼ ਵਿੱਚ ਸੁਨਣ ਨਾਲ ਦਿਲ ਤੇ ਮਨ ਨੂੰ ਸਕੂਨ ਮਿਲਦਾ ਹੈ, ਉਕਤ ਵਿਚਾਰਾਂ ਦਾ ਵਰਨਣ ਬੀਤੀ ਰਾਤ ਯੂਸਫ਼ ਮੈਮੋਰੀਅਲ ਵੈਲਫੇਅਰ ਸੁਸਾਇਟੀ ਵੱਲੋਂ ਹਜ਼ਰਤ ਮੌਲਾਨਾ ਮੁਫ਼ਤੀ ਇਰਤਕਾ ਉਲ ਹਸਨ ਕਾਸਮੀ (ਮੁਫ਼ਤੀ ਏ ਆਜ਼ਮ ਪੰਜਾਬ), ਮੁਫ਼ਤੀ ਮੁਹੰਮਦ ਯੂਨਸ ਸਾਹਿਬ, ਮੁਫ਼ਤੀ ਅਬਦੁਲ ਮਲਿਕ ਕਾਸਮੀ ਸਾਹਿਬ, ਮੁਫ਼ਤੀ ਮੁਹੰਮਦ ਦਿਲਸ਼ਾਦ ਕਾਸਮੀ ਸਾਹਿਬ, ਮੁਫ਼ਤੀ ਮੁਹੰਮਦ ਨਜ਼ੀਰ ਕਾਸਮੀ ਸਾਹਿਬ ਦੀ ਸਰਪ੍ਰਸਤੀ ਹੇਠ ਮਸਜਿਦ 'ਬਨ' ਵਾਲੀ ਮੁਹੱਲਾ ਗੁੱਜਰਾ ਵਿੱਖੇ ਮਹਿਫ਼ਲ ਏ ਹੁਸਨ ਕਰਾਤ ਦਾ ਪ੍ਰੋਗਰਾਮ ਵਿੱਚ ਕੀਤਾ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਮੌਲਾਨਾ ਅਬੱਦੁਲ ਸੱਤਾਰ ਕਾਸਮੀ ਇਮਾਮ ਜਾਮਾ ਮਸਜਿਦ ਤੇ ਅਬਦੁੱਲ ਲਤੀਫ਼ ਥਿੰਦ ਰਿਟਾਇਰ ਸੀ ਈ ਓ ਪੰਜਾਬ ਵਕਫ਼ ਬੋਰਡ ਨੇ ਸ਼ਿਰਕਤ ਕੀਤੀ। ਵੱਖ ਵੱਖ ਮਸਜਿਦਾਂ ਦੇ ਖਤੀਬ ਕਾਰੀ ਮੌਲਾਨਾ ਸਮਸੀ ਸਾਹਿਬ,ਕਾਰੀ ਮੌਲਾਨਾ ਮੁਹੰਮਦ ਲਬੀਬ ਸਾਹਿਬ,ਕਾਰੀ ਮੁਹੰਮਦ ਸਾਹਿਬ,ਕਾਰੀ ਮੁਹੰਮਦ ਖੁਰਸ਼ੈਦ ਸਾਹਿਬ,ਕਾਰੀ ਮੁਹੰਮਦ ਤਲਹਾ ਸਾਹਿਬ,ਕਾਰੀ ਮੁਹੰਮਦ ਇਬਰਾਰ ਸਾਹਿਬ, ਕਾਰੀ ਮੁਹੰਮਦ ਜਾਵੈਦ ਸਾਹਿਬ,ਕਾਰੀ ਮੁਹੰਮਦ ਅਮਜ਼ਦ ਸਾਹਿਬ,ਕਾਰੀ ਮੁਹੰਮਦ ਮੁਅਇਨ ਸਾਹਿਬ, ਕਾਰੀ ਆਮਿਰ ਸੁਹੇਲ ਸਾਹਿਬ, ਕਾਰੀ ਮੁਹੰਮਦ ਦਿਲਸ਼ਾਦ ਸਾਹਿਬ, ਕਾਰੀ ਮੁਹੰਮਦ ਉਸਮਾਨ ਸਾਹਿਬ ਨੇ ਆਪਣੀ ਖੂਬਸੂਰਤ ਅੰਦਾਜ਼ ਵਿੱਚ ਕੁਰਾਨ ਸ਼ਰੀਫ ਦੀ ਤਿਲਾਵਤ ਕਰਾਤ ਪੜ੍ਹੀ। ਜਿਸ ਨੂੰ ਹਾਜ਼ਰੀਨ ਨੇ ਬਹੁਤ ਹੀ ਧਿਆਨ ਨਾਲ ਸੁਣਿਆ ਤੇ ਕਾਰੀ ਸਹਿਬਾਨ ਦੀਆਂ ਤਾਰੀਫ਼ਾਂ ਕੀਤੀਆਂ। ਇਸ ਮੌਕੇ ਮੌਲਾਨਾ ਮੁਫਤੀ ਇਰਤਕਾ ਉਲ ਹਸਨ ਕਾਸਮੀ ਨੇ ਵੀ ਬਹੁਤ ਹੀ ਖ਼ੂਬਸੂਰਤ ਆਵਾਜ਼ ਨਾਲ ਕਰਾਤ ਪੜ੍ਹੀ ਤੇ ਯੂਸੁਫ਼ ਮੈਮੋਰੀਅਲ ਵੈਲਫੇਅਰ ਸੁਸਾਇਟੀ ਦੇ ਜ਼ਿਮੇਂਦਾਰ ਮੁਹੰਮਦ ਖ਼ਾਲਿਦ ਥਿੰਦ ਦੀ ਟੀਮ ਵੱਲੋਂ ਹਰ ਸਾਲ ਰਮਜ਼ਾਨ ਉਸ ਮੁਬਾਰਕ ਦੇ ਮਹਿਨੇ ਦੇ ਆਖਰੀ ਦਿਨਾਂ ਵਿਚ ਇਹ ਹੁਸਨ ਕਰਾਤ ਦਾ ਪ੍ਰੋਗਰਾਮ ਕਰਵਾਉਣਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਜਿਸ ਨਾਲ ਸਾਡੇ ਕਾਰੀ ਸਹਿਬਾਨ ਦੇ ਹੌਂਸਲੇ ਬੁਲੰਦ ਹੁੰਦੇ ਹਨ। ਉਥੇ ਹੀ ਇਸ ਮੁਬਾਰਕ ਮਹਿਨੇ ਵਿੱਚ ਇਹ ਪ੍ਰੋਗਰਾਮ ਵੀ ਇੱਕ ਇਬਾਦਤ ਦਾ ਹਿੱਸਾ ਬਣ ਜਾਂਦੀ ਹੈ ਤੇ ਲੋਕਾਂ ਦਾ ਇਸ ਮਹਿਫ਼ਿਲ ਵਿੱਚ ਆ ਕੇ ਕੁਰਾਨ ਸ਼ਰੀਫ਼ ਨੂੰ ਸੁਣਨਾ ਵੀ ਇਬਾਦਤ ਵਿੱਚ ਸ਼ਾਮਲ ਹੋਵੇਗਾ। ਲਤੀਫ਼ ਥਿੰਦ ਨੇ ਕਿਹਾ ਕਿ ਪ੍ਰੋਗਰਾਮ ਬਹੁਤ ਹੀ ਖ਼ੂਬਸੂਰਤ ਸੀ ਤੇ ਖਾਲਿਦ ਥਿੰਦ ਸਾਹਿਬ ਦੀ ਇਹ ਕੋਸ਼ਿਸ਼ ਬਹੁਤ ਹੀ ਤਾਰੀਫ਼ ਦੇ ਲਾਇਕ ਹੈ। ਅਜਿਹੇ ਪ੍ਰੋਗਰਾਮ ਸਮੇਂ ਸਮੇਂ ਤੇ ਹੋਰ ਮਸਜਿਦਾਂ ਵਿੱਚ ਵੀ ਹੋਣੇ ਚਾਹੀਦੇ ਹਨ। ਆਏ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ।ਖਾਲਿਦ ਥਿੰਦ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸ਼ਰਫ ਅਬਦੁੱਲਾ, ਹਾਜੀ ਅਬਦੁਲ ਮਜ਼ੀਦ, ਹਾਜੀ ਅਬਦੁਲ ਹਮੀਦ, ਮਾਸਟਰ ਮੁਹੰਮਦ ਸਾਬਰ, ਪ੍ਰਿੰਸੀਪਲ ਮੁਹੰਮਦ ਇਸਰਾਰ, ਮੁਹੰਮਦ ਖਾਲਿਦ, ਡਾਕਟਰ ਅੱਬੂ ਸੁਫ਼ਿਆਨ, ਐਡਵੋਕੇਟ ਗੁਲਵੇਜ ਖ਼ਾਲਿਦ, ਮੁਹੰਮਦ ਸੁਲਤਾਨ ਵੀ ਹਾਜ਼ਰ ਰਹੇ।



# ਡਾਕਟਰ ਕੋਟਨਿਸ ਐਕਿਊਪੰਕਚਰ ਹਸਪਤਾਲ ਵੱਲੋਂ ਗੁਰਦੁਆਰਾ ਮੰਜੀ ਸਾਹਿਬ ਗੁੱਜਰਵਾਲ ਵਿਖੇ ਦੋ ਦਿਨਾਂ ਮੁੱਫਤ ਕੈਂਪ ਲਗਾਇਆ

## ਲਗਭਗ 78 ਮਰੀਜ਼ਾਂ ਦਾ ਸਫਲਤਾ ਪੂਰਵਕ ਇਲਾਜ ਕੀਤਾ ਗਿਆ : ਡਾ. ਇੰਦਰਜੀਤ ਸਿੰਘ

**ਆਜ਼ਾਦ ਸੋਚ**
**ਜੇ ਐਸ ਖੰਨਾ/ਸੰਜੀਵ ਸ਼ਰਮਾ**
**ਲੁਧਿਆਣਾ , 20 ਮਾਰਚ**

========================

ਡਾ. ਕੋਟਨਿਸ ਐਕਿਉਪੰਕਚਰ ਚੈਰੀਟੇਬਲ ਹਸਪਤਾਲ, ਸਲੇਮ ਟਾਬਰੀ, ਲੁਧਿਆਣਾ ਵੱਲੋਂ ਗੁਰੂਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਂਵੀਂ ਗੁੱਜਰਵਾਲ ਵਿਖੇ ਲਗਾਇਆ ਗਿਆ 2 ਦਿਨਾਂ ਦਾ ਮੁਫ਼ਤ ਐਕਿਊਪੰਕਚਰ ਕੈਂਪ ਸਫਲਤਾਪੂਰਵਕ ਸੰਪੰਨ ਹੋ ਗਿਆ। ਇਸ ਕੈਂਪ ਦਾ ਉਦਘਾਟਨ ਸ੍ਰੀ ਜਗਦੀਸ਼ ਗਰਚਾ (ਸਾਬਕਾ ਕੈਬਨਿਟ ਮੰਤਰੀ ) ਵੱਲੋਂ ਕੀਤਾ ਗਿਆ ਸੀ। ਇਸ ਮੌਕੇ ਸ. ਜਸਵੰਤ ਸਿੰਘ ਛਾਪਾ, ਪ੍ਰਧਾਨ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਲੁਧਿਆਣਾ ਅਤੇ ਜਥੇਦਾਰ ਜਗਰੂਪ ਸਿੰਘ ਗੁੱਜਰਵਾਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਮਰੀਜ਼ਾਂ ਨੇ ਸ਼ਮੂਲੀਅਤ ਕੀਤੀ ਅਤੇ ਕੁੱਲ 78 ਮਰੀਜ਼ਾਂ ਦਾ ਸਫਲਤਾਪੂਰਵਕ ਇਲਾਜ ਕੀਤਾ ਗਿਆ। ਕੈਂਪ ਦੌਰਾਨ ਬਿਨਾਂ ਦਵਾਈ, ਬਿਨਾਂ ਸਰਜਰੀ ਅਤੇ ਬਿਨਾਂ ਦਰਦ ਵਾਲੀ ਪ੍ਰਮਾਣਿਤ ਐਕਿਊਪੰਕਚਰ ਪੱਧਤੀ ਰਾਹੀਂ ਕਮਰ ਦਰਦ , ਸਰਵਾਈਕਲ , ਸਪਾਂਡਿਲਾਈਟਿਸ , ਡਿਸਕ ਪ੍ਰੋਲੈਪਸ , ਜੋੜਾਂ ਅਤੇ ਗੋਡਿਆਂ ਦਾ ਦਰਦ , ਨਸਾਂ ਦੀ ਕਮਜ਼ੋਰੀ , ਨਿਊਰੋਪੈਥੀ , ਮਾਈਗ੍ਰੇਨ , ਅਨਿੰਦਰਾ , ਮਾਨਸਿਕ ਤਣਾਅ , ਲਕਵਾ , ਅਧਰੰਗ , ਪੁਰਾਣਾ ਜ਼ੁਕਾਮ , ਐਲਰਜੀ , ਸ਼ੂਗਰ ਨਾਲ ਸੰਬੰਧਿਤ ਸਮੱਸਿਆਵਾਂ , ਅੱਖਾਂ ਦੀ ਕਮਜ਼ੋਰੀ , ਸਪੋਰਟਸ ਇੰਜਰੀ ਅਤੇ ਨਸ਼ਾ ਮੁਕਤੀ ਸੰਬੰਧੀ ਬਿਮਾਰੀਆਂ ਲਈ ਇਲਾਜ ਅਤੇ ਮੁਫ਼ਤ ਸਲਾਹ ਪ੍ਰਦਾਨ ਕੀਤੀ ਗਈ ਅਤੇ ਮਰੀਜ਼ਾਂ ਦੀ ਵਿਸਥਾਰ ਨਾਲ ਜਾਂਚ ਕਰਕੇ ਉਨ੍ਹਾਂ ਨੂੰ ਯੋਗ ਮਾਰਗਦਰਸ਼ਨ ਦਿੱਤਾ ਗਿਆ। ਮਰੀਜ਼ਾਂ ਵੱਲੋਂ ਇਲਾਜ ਪ੍ਰਤੀ ਕਾਫ਼ੀ ਸੰਤੁਸ਼ਟੀ ਪ੍ਰਗਟ ਕੀਤੀ ਗਈ ਅਤੇ ਕਈ ਮਰੀਜ਼ਾਂ ਨੂੰ ਤੁਰੰਤ ਰਾਹਤ ਵੀ ਮਹਿਸੂਸ ਹੋਈ। ਇਸ ਮੌਕੇ ਹਸਪਤਾਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਸਾਡੀ ਸੰਸਥਾ ਪਿਛਲੇ 50 ਵਰਿਆਂ ਤੋਂ ਐਕਿਊਪੰਕਚਰ ਰਾਹੀਂ ਕਈ ਲਾਇਲਾਜ ਬਿਮਾਰੀਆਂ ਦਾ ਇਲਾਜ ਕਰਕੇ ਮਨੁੱਖਤਾ ਦੀ ਸੇਵਾ ਕਰ ਰਹੀ ਹੈ ਅਤੇ ਐਕਿਊਪੰਕਚਰ ਇੱਕ ਐਸੀ ਚਿਕਿਤਸਾ ਪ੍ਰਣਾਲੀ ਹੈ ਜਿਸ ਦਾ ਸਰੀਰ ਉੱਪਰ ਕੋਈ ਵੀ ਬੁਰਾ ਪ੍ਰਭਾਵ ਨਹੀਂ ਪੈਂਦਾ ਅਤੇ ਇਹ ਪੂਰੀ ਤਰ੍ਹਾਂ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਹੈ। ਹਸਪਤਾਲ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦੀ ਵਿਸਥਾਰ ਨਾਲ ਜਾਂਚ ਕਰਕੇ ਉਨ੍ਹਾਂ ਨੂੰ ਵਿਅਕਤੀਗਤ ਢੰਗ ਨਾਲ ਇਲਾਜ ਦਿੱਤਾ ਗਿਆ ਅਤੇ ਨਾਲ ਹੀ ਸਿਹਤ ਸੰਬੰਧੀ ਜਾਗਰੂਕਤਾ ਵੀ ਪ੍ਰਦਾਨ ਕੀਤੀ ਗਈ। ਹਸਪਤਾਲ ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਇਸ ਤਰ੍ਹਾਂ ਦੇ ਮੁਫ਼ਤ ਕੈਂਪ ਆਗਾਮੀ ਸਮੇਂ ਵਿੱਚ ਵੀ ਲਗਾਏ ਜਾਂਦੇ ਰਹਿਣਗੇ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਪ੍ਰਾਕ੍ਰਿਤਿਕ ਅਤੇ ਪ੍ਰਭਾਵਸ਼ਾਲੀ ਇਲਾਜ ਪੱਧਤੀ ਦਾ ਲਾਭ ਲੈ ਸਕਣ। ਇਸ ਮੌਕੇ ਡਾਕਟਰ ਬਲਜਿੰਦਰ ਸਿੰਘ ਢਿੱਲੋਂ ਅਤੇ ਡਾਕਟਰ ਰਘਵੀਰ ਸਿੰਘ ਵੱਲੋਂ ਕੈਂਪ ਵਿੱਚ ਆਪਣੀਆਂ ਮੁਫ਼ਤ ਸੇਵਾਵਾਂ ਦਿੱਤੀਆਂ ਗਈਆਂ। ਇਸ ਮੌਕੇ ਮਨੀਸ਼ਾ, ਗਗਨ ਭਾਟੀਆ, ਤਰਸੇਮ ਲਾਲ , ਤਾਨੀਆ ਸਹਲ, ਮੀਨੂ ਆਦਿ ਨੇ ਵੀ ਵਿਸ਼ੇਸ਼ ਰੂਪ ਵਿੱਚ ਇਸ ਕੈਂਪ ਨੂੰ ਸਫਲ ਬਣਾਉਣ ਲਈ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ।



# ਟਕਸਾਲੀ ਆਗੂ ਪ੍ਰਿਤਪਾਲ ਸਿੰਘ ਨਕਈ ਦੇ ਗ੍ਰਹਿ ਪੁੱਜੇ ਸੁਖਬੀਰ ਸਿੰਘ ਬਾਦਲ

**ਆਜ਼ਾਦ ਸੋਚ**
**ਸੰਜੇ ਬਾਂਸਲ/ਸਮਾਣਾ, 20 ਮਾਰਚ**

========================

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅੱਜ ਟਕਸਾਲੀ ਆਗੂ ਸਰਦਾਰ ਪ੍ਰਿਤਪਾਲ ਸਿੰਘ ਨਕਈ ਅਤੇ ਹਰਪਾਲ ਸਿੰਘ ਨਕਈ (ਸਪੁੱਤਰ ਸਵਰਗ ਸਰਦਾਰ ਤਰਲੋਕ ਸਿੰਘ ਨਕਈ) ਦੇ ਗ੍ਰਹਿ ਵਿਖੇ ਪੁੱਜੇ। ਇਸ ਮੌਕੇ ਨਕਈ ਪਰਿਵਾਰ ਵੱਲੋਂ ਸ. ਬਾਦਲ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਹਲਕਾ ਸਮਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਸ. ਜਗਮੀਤ ਸਿੰਘ ਹਰਿਆਊ ਵੀ ਮੌਜੂਦ ਰਹੇ।



ਇਸ ਮੌਕੇ ਸ. ਬਾਦਲ ਨੇ ਨਕਈ ਪਰਿਵਾਰ ਵੱਲੋਂ ਪਾਰਟੀ ਲਈ ਦਿੱਤੀਆਂ ਜਾ ਰਹੀਆਂ ਨਿਸ਼ਠਾਵਾਨ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਟਕਸਾਲੀ ਪਰਿਵਾਰ ਹੀ ਪਾਰਟੀ ਦੀ ਅਸਲੀ ਤਾਕਤ ਹਨ ਇਸ ਮੌਕੇ ਨਕਈ ਪਰਿਵਾਰ ਵੱਲੋਂ ਸ. ਸੁਖਬੀਰ ਸਿੰਘ ਬਾਦਲ ਨੂੰ ਚਾਂਦੀ ਦੀ ਤੱਕੜੀ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ

# ਜ਼ਿਲ੍ਹਾ ਪ੍ਰਧਾਨ ਮਹਿਲਾ ਕਾਂਗਰਸ ਮੈਡਮ ਪ੍ਰਵੀਨ ਰਾਣਾ ਵੱਲੋਂ ਰਸੋਈ ਗੈਸ ਨਾ ਮਿਲਣ ਕਾਰਨ ਜ਼ੋਰਦਾਰ ਪ੍ਰਦਰਸ਼ਨ



**ਆਜ਼ਾਦ ਸੋਚ**
**ਜੇ ਐਸ ਖੰਨਾ/ਸੰਜੀਵ ਸ਼ਰਮਾ**
**ਫਤਹਿਗੜ੍ਹ ਸਾਹਿਬ , 20 ਮਾਰਚ**

========================

ਪ੍ਰਧਾਨ ਮਹਿਲਾ ਕਾਂਗਰਸ ਜ਼ਿਲ੍ਹਾ ਫ਼ਤਹਿਗੜ ਸਾਹਿਬ ਮੈਡਮ ਪਰਵੀਨ ਰਾਣਾ ਨੇ ਅੱਜ ਆਪਣੀਆਂ ਮਹਿਲਾ ਸਾਥੀਆਂ ਸਮੇਤ ਮੋਦੀ ਸਰਕਾਰ ਖ਼ ?ਲਾਫ਼ ਰਸੋਈ ਗੈਸ ਸਿਲੰਡਰ ਨਾ ਮਿਲਣ ਕਾਰਨ ਜ਼ੋਰਦਾਰ ਪ੍ਰਦਰਸ਼ਨ ਕੀਤਾ ਅਤੇ ਗੈਸ ਸਿਲੰਡਰਾਂ ਦੀ ਸਪਲਾਈ ਨਿਰਵਿਘਨ ਸ਼ੁਰੂ ਕਰਵਾਉਣ ਅਤੇ ਬਲੈਕ ਕਰਨ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। ਪ੍ਰਧਾਨ ਮਹਿਲਾ ਕਾਂਗਰਸ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਮੈਡਮ ਪਰਵੀਨ ਰਾਣਾ ਨੇ ਮੋਦੀ ਸਰਕਾਰ ਤੇ ਤੰਨਜ ਕਸਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਜਲਦੀ ਤੋਂ ਜਲਦੀ ਰਸੋਈ ਗੈਸ ਹਰ ਘਰ ਵਿੱਚ ਪਹੁੰਚਾਉਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ ਕਿਉਂਕਿ ਰੋਜ਼ਾਨਾ ਲੱਖਾਂ ਹੀ ਲੋਕ ਲਾਈਨਾਂ ਵਿੱਚ ਲੱਗ ਕੇ ਆਪਣਾ ਕੀਮਤੀ ਸਮਾਂ ਬਰਬਾਦ ਕਰ ਰਹੇ ਹਨ ਅਤੇ ਇਤਨਾ ਜਿਆਦਾ ਸਮਾਂ ਬਰਬਾਦ ਕਰਨ ਤੋਂ ਬਾਅਦ ਵੀ ਉਹਨਾਂ ਦੇ ਹੱਥ ਪੱਲੇ ਕੁਝ ਨਹੀਂ ਲੱਗਦਾ ਇਸ ਲਈ ਜ਼ਿਲ੍ਹਾਂ ਪ੍ਰਧਾਨ ਮਹਿਲਾ ਕਾਂਗਰਸ ਮੈਡਮ ਪਰਵੀਨ ਰਾਣਾ ਨੇ ਕੇਂਦਰ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਿਆਂ ਕਿਹਾ ਕਿ ਰਸੋਈ ਗੈਸ ਦੀ ਸਪਲਾਈ ਨਿਰਵਿਘਨਤਾ ਸਹਿਤ ਜਲਦੀ ਤੋਂ ਜਲਦੀ ਬਹਾਲ ਕੀਤੀ ਜਾਵੇ।

# ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਜ਼ੀਰਕਪੁਰ ਦੇ ਵਾਰਡ ਨੰਬਰ 9 ਵਿੱਚ 2.04 ਕਰੋੜ ਰੁਪਏ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ



**ਆਜ਼ਾਦ ਸੋਚ**
**ਅਵਤਾਰ ਸੈਣੀ/ਜ਼ੀਰਕਪੁਰ , 20 ਮਾਰਚ**

========================

ਹਲਕਾ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਵੱਲੋਂ ਜ਼ੀਰਕਪੁਰ ਨਗਰ ਕੌਂਸਲ ਦੀ ਹੱਦ ਅੰਦਰ ਪੈਂਦੇ ਵਾਰਡ ਨੰਬਰ 9, ਸਵਾਮੀ ਇਨਕਲੇਵ ਢਕੋਲੀ ਵਿੱਚ ਇੰਟਰਲਾਕਿੰਗ ਟਾਇਲਾਂ ਨਾਲ ਸੜਕਾਂ ਬਣਾਉਣ ਅਤੇ ਪਾਣੀ ਦੀ ਸੁਚੱਜੀ ਨਿਕਾਸੀ ਲਈ ਸਟਾਰਮ ਸੀਵਰ ਪਾਉਣ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ ਗਈ। ਇਹ ਵਿਕਾਸ ਕਾਰਜ ਲਗਭਗ 2 ਕਰੋੜ 4 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਜਾਣਗੇ। ਇਸ ਮੌਕੇ ਵਿਧਾਇਕ ਰੰਧਾਵਾ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਪ੍ਰਾਥਮਿਕਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕੰਮਾਂ ਦੇ ਮੁਕੰਮਲ ਹੋਣ ਨਾਲ ਇਲਾਕੇ ਵਿੱਚ ਸੜਕਾਂ ਦੀ ਹਾਲਤ ਵਿੱਚ ਸੁਧਾਰ ਹੋਵੇਗਾ ਅਤੇ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਤੋਂ ਵੱਡੀ ਰਾਹਤ ਮਿਲੇਗੀ।ਉਨ੍ਹਾਂ ਹੋਰ ਦੱਸਿਆ ਕਿ ਵਿਕਾਸ ਕਾਰਜ ਨਿਰਧਾਰਿਤ ਸਮੇਂ ਅੰਦਰ ਮਿਆਰੀ ਤਰੀਕੇ ਨਾਲ ਪੂਰੇ ਕੀਤੇ ਜਾਣਗੇ ਅਤੇ ਕਿਸੇ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਲਾਕੇ ਦੇ ਵਸਨੀਕਾਂ ਨੇ ਇਨ੍ਹਾਂ ਵਿਕਾਸ ਕਾਰਜਾਂ ਦੀ ਸ਼ੁਰੂਆਤ ਲਈ ਵਿਧਾਇਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਲੰਬੇ ਸਮੇਂ ਤੋਂ ਦਰਪੇਸ਼ ਸਮੱਸਿਆਵਾਂ ਤੋਂ ਰਾਹਤ ਮਿਲੇਗੀ। ਇਸ ਮੌਕੇ ਆਮ ਆਦਮੀ ਪਾਰਟੀ ਦੀ ਟੀਮ ,ਨਗਰ ਕੌਂਸਲ ਦੇ ਅਧਿਕਾਰੀ ਮੌਜੂਦ ਰਹੇ ।

# ਸਦਰ ਬਾਜ਼ਾਰ 'ਚ ਮਜ਼ਦੂਰਾਂ ਨੂੰ ਗੈਸ ਸਿਲੰਡਰਾਂ ਦੀ ਘਾਟ ਕਾਰਨ ਕਰਨਾ ਪੈ ਰਿਹਾ ਭੋਜਨ ਸੰਕਟ ਦਾ ਸਾਹਮਣਾ : ਪਰਮਜੀਤ ਪੰਮਾ

**ਆਜ਼ਾਦ ਸੋਚ**
**ਸੁਖਰਾਜ ਸਿੰਘ/ਨਵੀਂ ਦਿੱਲੀ, 20 ਮਾਰਚ**

========================

ਸਦਰ ਬਾਜ਼ਾਰ ਬਾਰੀ ਮਾਰਕੀਟ ਵਪਾਰੀ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਸਦਰ ਬਾਜ਼ਾਰ ਖੇਤਰ ਵਿੱਚ ਐਲਪੀਜੀ ਗੈਸ ਸਿਲੰਡਰਾਂ ਦੀ ਘਾਟ ਨੇ ਮਜ਼ਦੂਰਾਂ ਲਈ ਇੱਕ ਗੰਭੀਰ ਭੋਜਨ ਸੰਕਟ ਪੈਦਾ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇੱਕ ਪਾਸੇ, ਗੈਸ ਸਿਲੰਡਰਾਂ ਦੀ ਘਾਟ ਕਾਰਨ ਬਹੁਤ ਸਾਰੇ ਢਾਬੇ ਅਤੇ ਛੋਟੇ ਖਾਣ-ਪੀਣ ਵਾਲੇ ਸਥਾਨ ਬੰਦ ਹੋ ਰਹੇ ਹਨ, ਜਦੋਂ ਕਿ ਦੂਜੇ ਪਾਸੇ, ਜਿੱਥੇ ਭੋਜਨ ਉਪਲਬਧ ਹੈ, ਉਨ੍ਹਾਂ ਦੀਆਂ ਕੀਮਤਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਨਤੀਜੇ ਵਜੋਂ ਮਜ਼ਦੂਰਾਂ ਨੂੰ ਦੋ ਸਮੇਂ ਦਾ ਖਾਣਾ ਵੀ ਖਰੀਦਣਾ ਮੁਸ਼ਕਲ ਹੋ ਰਿਹਾ ਹੈ।ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਸਦਰ ਬਾਜ਼ਾਰ ਵਿੱਖੇ ਕੰਮ ਕਰਨ ਵਾਲੇ ਜ਼ਿਆਦਾਤਰ ਮਜ਼ਦੂਰ ਰੋਜ਼ਾਨਾ ਮਜ਼ਦੂਰ ਹਨ। ਕੰਮ ਦਾ ਬੋਝ ਘੱਟ ਹੋਣ ਕਾਰਨ, ਉਨ੍ਹਾਂ ਦੀਆਂ ਤਨਖਾਹਾਂ ਪਹਿਲਾਂ ਹੀ ਘੱਟ ਗਈਆਂ ਹਨ, ਜਿਸ ਨਾਲ ਉਨ੍ਹਾਂ ਲਈ ਮਹਿੰਗਾ ਭੋਜਨ ਖਰੀਦਣਾ ਹੋਰ ਵੀ ਮੁਸ਼ਕਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਥਿਤੀ ਇੰਨੀ ਮੁਸ਼ਕਲ ਹੋ ਗਈ ਹੈ ਕਿ ਬਹੁਤ ਸਾਰੇ ਮਜ਼ਦੂਰ ਆਪਣੇ ਪਿੰਡਾਂ ਨੂੰ ਵਾਪਸ ਜਾਣ ਲਈ ਮਜ਼ਬੂਰ ਹਨ। ਸ. ਪੰਮਾ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਜਲਦੀ ਤੋਂ ਜਲਦੀ ਐਲਪੀਜੀ ਗੈਸ ਸਿਲੰਡਰਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਏ, ਤਾਂ ਜੋ ਢਾਬੇ ਤੇ ਖਾਣ-ਪੀਣ ਵਾਲੇ ਸਥਾਨ ਆਮ ਵਾਂਗ ਕੰਮ ਕਰ ਸਕਣ ਅਤੇ ਮਜ਼ਦੂਰਾਂ ਨੂੰ ਕਿਫਾਇਤੀ ਭੋਜਨ ਮਿਲ ਸਕੇ।



# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਖ- ਵੱਖ ਥਾਵਾਂ 'ਤੇ ਕਾਰਡਨ ਅਤੇ ਸਰਚ ਅਭਿਆਨ

**ਆਜ਼ਾਦ ਸੋਚ**
**ਸ਼ਾਹਿਦ ਜ਼ੁਬੈਰੀ/ਮਾਲੇਰਕੋਟਲਾ, 20 ਮਾਰਚ**

========================

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ "ਯੁੱਧ ਨਸ਼ਿਆਂ ਵਿਰੁੱਧ "ਵਿਸ਼ੇਸ਼ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ (ਚੰਡੀਗੜ੍ਹ) ਵੱਲੋਂ ਜਾਰੀ ਹੁਕਮਾਂ ਅਤੇ ਇੰਸਪੈਕਟਰ ਜਨਰਲ ਪੁਲਿਸ(ਜੀ .ਆਰ.ਪੀ .) ਪਟਿਆਲਾ ਬਲਜੋਤ ਸਿੰਘ ਰਾਠੌਰ ਦੀ ਨਿਗਰਾਨੀ ਹੇਠ ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੀ ਅਗਵਾਈ ਵਿੱਚ ਕਪਤਾਨ ਪੁਲਿਸ ਇਨਵੈਸਟਿਗੇਸ਼ਨ ਸੱਤਪਾਲ ਸ਼ਰਮਾ, ਡੀ.ਐਸ.ਪੀ ਸਤੀਸ਼ ਕੁਮਾਰ, ਡੀ.ਐਸ.ਪੀ ਬਿਕਰਮਜੀਤ ਸਿੰਘ, ਡੀ.ਐਸ.ਪੀ ਮਨਵਜੀਤ ਸਿੰਘ ਸਮੇਤ ਸਮੂਹ ਮੁੱਖ ਅਧਿਕਾਰੀਆਂ ਅਤੇ ਭਾਰੀ ਪੁਲਿਸ ਫੋਰਸ ਵੱਲੋਂ ਕਿਲ੍ਹਾ ਰਹਿਮਤਗੜ੍ਹ ਦੇ ਸ਼ੱਕੀ ਇਲਾਕਿਆਂ ਅਤੇ ਟਿਕਾਣਿਆਂ 'ਤੇ ਵਿਸ਼ਾਲ ਸਰਚ ਅਭਿਆਨ ਚਲਾਇਆ ਗਿਆ। ਸੀਨੀਅਰ ਕਪਤਾਨ ਪੁਲਿਸ ਮਲੇਰਕੋਟਲਾ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਪੁਲਿਸ ਵੱਲੋਂ ਸੂਬਾ ਪੱਧਰ 'ਤੇ ਚਲਾਏ ਜਾ ਰਹੇ ਇਸ ਅਭਿਆਨ ਤਹਿਤ ਮਹੱਤਵਪੂਰਨ ਭੂਮਿਕਾ ਨਿਭਾਈ ਜਾ ਰਹੀ ਹੈ ਅਤੇ ਭਵਿੱਖ ਵਿੱਚ ਵੀ ਪੰਜਾਬ ਸਰਕਾਰ ਅਤੇ ਡੀ.ਜੀ.ਪੀ. ਪੰਜਾਬ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਨਸ਼ਾ ਤਸਕਰਾਂ ਖਿਲਾਫ ਵੱਡੇ ਪੱਧਰ 'ਤੇ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਲੋਕਾਂ ਵੱਲੋਂ ਇਸ ਮੁਹਿੰਮ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ, ਜਿਸ ਨਾਲ ਨਸ਼ਾ ਤਸਕਰੀ ਨੂੰ ਰੋਕਣ ਵਿੱਚ ਸਫਲਤਾ ਮਿਲ ਰਹੀ ਹੈ।



ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਨਸ਼ਾ ਤਸਕਰਾਂ ਸਬੰਧੀ ਕੋਈ ਵੀ ਜਾਣਕਾਰੀ ਸੇਫ ਪੰਜਾਬ ਵਟਸਐਪ ਚੈਟਬੋਟ ਨੰਬਰ 9779-100-200 'ਤੇ ਸਾਂਝੀ ਕਰਨ। ਇਸ ਤੋਂ ਇਲਾਵਾ ਉਪ ਕਪਤਾਨ ਪੁਲਿਸ ਸਬ ਡਿਵੀਜ਼ਨ ਅਹਿਮਦਗੜ੍ਹ ਸੁਖਦੇਵ ਸਿੰਘ ਬਰਾੜ ਵੱਲੋਂ ਪੁਲਿਸ ਫੋਰਸ ਸਮੇਤ ਪਿੰਡ ਕੰਗਨਵਾਲ ਵਿੱਚ ਕੋਰਡਨ ਐਂਡ ਸਰਚ ਆਪਰੇਸ਼ਨ ਚਲਾਇਆ ਗਿਆ ਅਤੇ ਇਸੇ ਤਰਾਂ ਉਪ ਕਪਤਾਨ ਪੁਲਿਸ ਸਬ ਡਿਵੀਜ਼ਨ ਅਮਰਗੜ੍ਹ ਸੰਜੀਵ ਕੁਮਾਰ ਵੱਲੋਂ ਮੁੱਖ ਅਧਿਕਾਰੀਆਂ ਅਤੇ ਪੁਲਿਸ ਫੋਰਸ ਸਮੇਤ ਬਾਗੜੀਆਂ ਵਿੱਚ ਵੀ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸ ਸਰਚ ਅਭਿਆਨ ਦੌਰਾਨ 03 ਸ਼ੱਕੀ ਵਿਅਕਤੀਆਂ ਨੂੰ ਰਾਊਂਡ ਅੱਪ ਕੀਤਾ ਗਿਆ ਹੈ, ਜਿਨ੍ਹਾਂ ਤੋਂ ਗਹਿਰਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਕਾਲਜ ਵਿਖੇ ਹੋਇਆ ਗੈਸਟ ਲੈਕਚਰ ਦਾ ਆਯੋਜਨ



**ਅਜਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 20 ਮਾਰਚ :**

ਕੇਸੀਟੀ ਕਾਲਜ ਫਤਿਹਗੜ੍ਹ ਵਿਖੇ ਵਿਦਿਆਰਥੀਆਂ ਲਈ ਇੱਕ ਪ੍ਰੇਰਣਾਦਾਇਕ ਗੈਸਟ ਲੈਕਚਰ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਪੁਲਿਸ ਦੇ ਗੁਰਤੇਜ ਸਿੰਘ ਮੈਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਗੁਰਤੇਜ ਸਿੰਘ ਨਾਂ ਕਿ ਸਿਰਫ ਇੱਕ ਇਮਾਨਦਾਰ ਪੁਲਿਸ ਕਰਮਚਾਰੀ ਹਨ, ਸਗੋਂ ਇੱਕ ਪ੍ਰਸਿੱਧ ਕਵੀ ਅਤੇ ਲੇਖਕ ਵੀ ਹਨ।ਉਹ ਹਾਲ ਹੀ ਵਿੱਚ ਦਿੱਲੀ ਦੇ ਸੰਸਦ ਭਵਨ ਵਿੱਚ ਹੋਏ ਚਾਰ ਦਿਨਾਂ ਕਾਨਫਰੰਸ ਵਿੱਚ ਭਾਗ ਲੈ ਚੁੱਕੇ ਹਨ, ਜਿੱਥੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸੰਵਾਦ ਕਰਨ ਦਾ ਮੌਕਾ ਵੀ ਮਿਲਿਆ।ਕਾਲਜ ਵਿੱਚ ਆਪਣੇ ਲੈਕਚਰ ਦੌਰਾਨ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਆਪਣੇ ਜੀਵਨ ਦੇ ਤਜਰਬੇ ਸਾਂਝੇ ਕੀਤੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਲਕਸ਼ ਨਿਰਧਾਰਤ ਕਰਨ ਅਤੇ ਮਿਹਨਤ ਨਾਲ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ।ਜੀਵਨ ਵਿੱਚ ਸਫਲਤਾ ਕਿਸੇ ਨੂੰ ਤੋਹਫ਼ੇ ਵਾਂਗ ਨਹੀਂ ਮਿਲਦੀ, ਇਸਨੂੰ ਹਾਸਲ ਕਰਨ ਲਈ ਮਿਹਨਤ, ਲਗਨ ਅਤੇ ਸਮੇਂ ਦੀ ਕਦਰ ਕਰਨੀ ਪੈਂਦੀ ਹੈ। ਆਪਣੇ ਜੀਵਨ ਦਾ ਇੱਕ ਸਪੱਸ਼ਟ ਟੀਚਾ ਬਣਾਓ ਅਤੇ ਉਸਨੂੰ ਪੂਰਾ ਕਰਨ ਲਈ ਦਿਨ-ਰਾਤ ਇਕ ਕਰ ਦਿਓ। ਹਾਰ ਤੋਂ ਕਦੇ ਡਰੋ ਨਾਂ, ਕਿਉਂਕਿ ਹਾਰ ਹੀ ਸਾਨੂੰ ਸਿਖਾਉਂਦੀ ਹੈ ਕਿ ਅਗਲੀ ਵਾਰ ਕਿਵੇਂ ਜਿੱਤਣਾ ਹੈ। ਆਪਣੇ ਮਾਪਿਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਦਾ ਜਜ਼ਬਾ ਰੱਖੋ ਅਤੇ ਮੋਬਾਈਲ ਜਾਂ ਫ਼ਾਲਤੂ ਚੀਜ਼ਾਂ ਵਿੱਚ ਸਮਾਂ ਖਰਾਬ ਕਰਨ ਤੋਂ ਬਚੋ। ਮੁਸ਼ਕਲਾਂ ਤੁਹਾਨੂੰ ਰੋਕਣ ਲਈ ਨਹੀਂ, ਬਲਕਿ ਤੁਹਾਨੂੰ ਹੋਰ ਮਜ਼ਬੂਤ ਬਣਾਉਣ ਲਈ ਆਉਂਦੀਆਂ ਹਨ।ਕਾਲਜ ਦੇ ਚੇਅਰਮੈਨ ਮੋਂਟੀ ਗਰਗ ਨੇ ਵੀ ਉਨ੍ਹਾਂ ਨਾਲ ਸੰਵਾਦ ਕੀਤਾ ਅਤੇ ਉਨ੍ਹਾਂ ਦੀ ਉਪਲੱਬਧੀਆਂ ਦੀ ਪ੍ਰਸ਼ੰਸਾ ਕੀਤੀ। ਕਾਲਜ਼ ਮਨੇਜਮੈਂਟ ਅਤੇ ਸਟਾਫ ਮੈਂਬਰਾਂ ਵੱਲੋਂ ਗੁਰਤੇਜ ਸਿੰਘ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ 'ਤੇ ਵਿਦਿਆਰਥੀਆਂ ਨੇ ਵੀ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਗੈਸਟ ਲੈਕਚਰ ਨੂੰ ਬਹੁਤ ਪ੍ਰੇਰਣਾਦਾਇਕ ਦੱਸਿਆ।ਇਸ ਮੌਕੇ ਕਾਲਜ ਦੇ ਜਨਰਲ ਸਕੱਤਰ ਰਾਮ ਗੋਪਾਲ ਗਰਗ, ਪ੍ਰਧਾਨ ਜਸਵੰਤ ਸਿੰਘ, ਸਰਪ੍ਰਸਤ ਸਤਵੰਤ ਸਿੰਘ, ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਮੌਜੂਦ ਸਨ।

# 23 ਮਾਰਚ ਦੇ ਸ਼ਹੀਦੀ ਦਿਹਾੜੇ ਸਬੰਧੀ ਪਿੰਡਾਂ ਵਿਚ ਕੀਤੀਆਂ ਮੀਟਿੰਗਾਂ



**ਆਜ਼ਾਦ ਸੋਚ, ਸੋਹਨ ਸਿੰਘ ਸੋਢੀ, ਭਵਾਨੀਗੜ੍ਹ, 20 ਮਾਰਚ:**

ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਭਵਾਨੀਗੜ੍ਹ ਵੱਲੋਂ ਬਲਾਕ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਘਰਾਚੋਂ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ, ਸੁਖਦੇਵ, ਰਾਜ ਗੁਰੂ ਦੇ ਸ਼ਹੀਦੀ ਦਿਹਾੜੇ 23 ਮਾਰਚ ਨੂੰ ਮੁੱਖ ਰੱਖਦੇ ਹੋਏ ਜਥੇਬੰਦੀ ਵੱਲੋਂ ਬਰਨਾਲਾ ਦੇ ਵਿੱਚ ਵੱਡੀ ਰੈਲੀ ਕੀਤੀ ਜਾ ਰਹੀ ਹੈ। ਉਸ ਵਿੱਚ ਲੋਕਾਂ ਦੀ ਲਾਮਬੰਦੀ ਲਈ ਲਗਾਤਾਰ ਤੀਜੇ ਦਿਨ ਪਿੰਡਾਂ ਦੇ ਵਿੱਚ ਮੀਟਿੰਗਾਂ ਕਰਵਾਈਆਂ ਗਈਆਂ ਜਿਸ ਤਹਿਤ ਪਿੰਡ ਆਲੋਅਰਖ, ਗਹਿਲਾਂ, ਪੰਨਵਾਂ, ਦਿਆਲਪੁਰਾ, ਜੌਲੀਆਂ, ਛੰਨਾ, ਲੱਖੇਵਾਲ, ਨੂਰਪੁਰਾ, ਸ਼ਾਹਪੁਰ, ਖੇੜੀ ਗਿੱਲਾਂ, ਮਹਿਸਮਪੁਰ ਵਿਖੇ ਆਗੂਆਂ ਨੇ ਜਾ ਕੇ ਪ੍ਰਚਾਰ ਕੀਤਾ ਅਤੇ ਲੋਕਾਂ ਵੱਲੋਂ ਪੂਰਾ ਭਰਵਾਂ ਹੁੰਗਾਰਾ ਮਿਲਿਆ ਕਿ ਸ਼ਹੀਦਾਂ ਦੇ ਦਿਨ ਤੇ ਵੱਡੀ ਗਿਣਤੀ ਬੱਸਾਂ ਭਰ ਕੇ ਬਰਨਾਲੇ ਦੀ ਧਰਤੀ ਤੇ ਪਹੁੰਚਣਗੇ। ਇਸ ਮੌਕੇ ਬਲਾਕ ਆਗੂ ਜਸਬੀਰ ਸਿੰਘ ਗੱਗੜਪੁਰ, ਬਲਵਿੰਦਰ ਸਿੰਘ ਘਨੌੜ, ਗੁਰਚੇਤ ਸਿੰਘ ਭੱਟੀਵਾਲ, ਕਰਮ ਚੰਦ ਪੰਨਵਾਂ, ਹਰਪ੍ਰੀਤ ਸਿੰਘ ਬਾਲਦ ਕਲਾਂ ਅਤੇ ਗੁਰਮੇਲ ਸਿੰਘ ਘਰਾਚੋਂ ਮੌਜੂਦ ਸਨ।

# ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂ ਚੱਕ ਨੇ ਸਕੂਲ ਆਫ ਐਮੀਨੈਂਸ ਭੋਆ ਵਿਖੇ ਸਮਰਪਿਤ ਕੀਤੇ ਚਾਰ ਇਲੈਕਟ੍ਰਿਕ ਪੈਨਲ ਅਤੇ 17 ਨਵੇਂ ਕੰਪਿਊਟਰ

**ਆਜ਼ਾਦ ਸੋਚ, ਅਸ਼ਵਨੀ ਭਗਤ, ਪਠਾਨਕੋਟ, 20 ਮਾਰਚ :**




ਅੱਜ ਸਕੂਲ ਆਫ ਐਮੀਨੈਂਸ ਭੋਆ ਵਿਖੇ ਇੱਕ ਵਿਸ਼ੇਸ਼ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਸ੍ਰੀ ਨਸੀਬ ਸੈਣੀ ਪ੍ਰਿੰਸੀਪਲ ਸਕੂਲ ਆਫ ਐਮੀਨੈਂਸ ਵੱਲੋਂ ਕੀਤੀ ਗਈ। ਸਮਾਰੋਹ ਵਿੱਚ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ ? ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵ ਸ਼੍ਰੀ ਸੁਨੀਲ ਦੱਤ ਸਰਪੰਚ ਪਿੰਡ ਭੋਆ, ਕਮਲਦੀਪ ਕੌਰ ਜਿਲਾ ਸਿੱਖਿਆ ਅਧਿਕਾਰੀ ਸਕਡਰੀ ਐਲੀਮੈਂਟਰੀ ਪਠਾਨਕੋਟ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਅਮਨਦੀਪ ਕੁਮਾਰ ਡਿਪਟੀ ਡੀ ਈਓ ਸਕੈਂਡਰੀ, ਹਰੀਸ਼ ਕੁਮਾਰ, ਜਸਵੀਰ ਕੌਰ, ਜੋਤੀ ਕੁਮਾਰੀ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਅਤੇ ਅਹੁਦੇਦਾਰ ਹਾਜ਼ਰ ਸਨ। ਸਮਾਰੋਹ ਦਾ ਸ਼ੁਭ ਆਰੰਭ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਜੀ ਵੱਲੋਂ ਦੀਪਕ ਰੋਸ਼ਨ ਕਰਕੇ ਕੀਤਾ ਗਿਆ ਅਤੇ ਇਸ ਤੋਂ ਬਾਅਦ ਉਹਨਾਂ ਪਰਦਾ ਹਟਾ ਕੇ ਇਲੈਕਟਰਿਕ ਪੈਨਲ ਅਤੇ ਨਵੇਂ ਕੰਪਿਊਟਰ ਸਕੂਲ ਨੂੰ ਸਮਰਪਿਤ ਕੀਤੇ।ਇਸ ਮੌਕੇ ਤੇ ਸੰਬੋਧਿਤ ਕਰਦਿਆਂ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਮੈਨੂੰ ਸਕੂਲ ਆਫ ਐਮੀਨੈਂਸ ਭੋਆ ਵਿਖੇ ਪਹੁੰਚਣ ਦਾ ਮੌਕਾ ਮਿਲਿਆ ਹੈ, ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ ਨੂੰ ਤਕਨੀਕੀ ਯੁਗ ਅੰਦਰ ਅਪਗ੍ਰੇਡ ਕਰਨ ਦੇ ਲਈ ਇਲੈਕਟ੍ਰਿਕ ਪੈਨਲ ਅਤੇ ਨਵੇਂ ਕੰਪਿਊਟਰ ਦਿੱਤੇ ਜਾ ਰਹੇ ਹਨ। ਅੱਜ ਸਕੂਲ ਆਫ ਐਮੀਨੈਂਸ ਭੋਆ ਨੂੰ ਵੀ 17 ਨਵੇਂ ਕੰਪਿਊਟਰ ਅਤੇ ਚਾਰ ਇਲੈਕਟ੍ਰਿਕ ਪੈਨਲ ਦਿੱਤੇ ਗਏ ਹਨ। ਉਹਨਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਅਧੀਨ ਸਮੁੱਚੇ ਪੰਜਾਬ ਦੀ ਤਰ੍ਹਾਂ ਜਿਲਾ ਪਠਾਨਕੋਟ ਦੇ ਸਕੂਲਾਂ ਨੂੰ 869 ਕੰਪਿਊਟਰ ਅਤੇ 93 ਸਕੂਲਾਂ ਨੂੰ 113 ਇਲੈਕਟ੍ਰਿਕ ਪੈਨਲ ਦਿੱਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਇਹ ਕੰਪਿਊਟਰ ਅਤੇ ਪੈਨਲ ਆਧੁਨਿਕ ਤਕਨੀਕਾਂ ਦੇ ਨਾਲ ਬਣਾਏ ਗਏ ਹਨ ਜਿਸ ਦੇ ਨਾਲ ਬੱਚਿਆਂ ਨੂੰ ਸਿੱਖਿਆ ਗ੍ਰਹਿਣ ਕਰਨਾ ਹੋਰ ਵੀ ਆਸਾਨ ਹੋ ਜਾਵੇਗਾ ਪੜ੍ਹਾਈ ਦੇ ਨਾਲ ਨਾਲ ਮੌਕੇ ਤੇ ਪ੍ਰੈਕਟੀਕਲ ਉਹ ਵੀ ਪੈਨਲ ਦੇ ਮਾਧਿਅਮ ਦੇ ਨਾਲ ਇਹ ਸਿੱਖਿਆ ਦੇ ਖੇਤਰ ਵਿੱਚ ਇੱਕ ਨਵੇਂ ਯੁਗ ਦੀ ਸ਼ੁਰੂਆਤ ਹੈ। ਉਹਨਾਂ ਕਿਹਾ ਕਿ ਅਸੀਂ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦਾ ਧੰਨਵਾਦ ਕਰਦੇ ਹਾਂ ਕਿ ਉਹਨਾਂ ਨੇ ਜਿਲਾ ਪਠਾਨਕੋਟ ਨੂੰ ਸਿੱਖਿਆ ਦੇ ਖੇਤਰ ਵਿੱਚ ਤਕਨੀਕੀ ਅਪਡੇਟ ਕਰਕੇ ਬੱਚਿਆਂ ਦਾ ਭਵਿੱਖ ਰੋਸ਼ਨ ਕੀਤਾ ਹੈ।

# ਠੇਕਾ ਮੁਲਾਜ਼ਮ ਆਪਣੀਆਂ ਮੰਗਾਂ ਨੂੰ ਲੈ ਕੇ ਦਿੜ੍ਹਬਾ ਦੇ ਪਿੰਡਾਂ 'ਚ 22 ਮਾਰਚ ਨੂੰ ਕਰਨਗੇ ਝੰਡਾ ਮਾਰਚ



**ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 20 ਮਾਰਚ:**

ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਇੰਪਲਾਈਜ ਕੰਟਰੈਕਟ ਵਰਕਰਜ ਯੂਨੀਅਨ ਦੇ ਆਗੂ ਪ੍ਰਧਾਨ ਸ਼ੇਰ ਸਿੰਘ ਖੰਨਾ ਨੇ ਦੱਸਿਆ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਹਲਕਾ ਦਿੜ੍ਹਬਾ ਵਿਖੇ 22 ਮਾਰਚ 2026 ਨੂੰ ਵੱਡਾ ਇਕੱਠ ਕਰਕੇ ਪਿੰਡਾਂ 'ਚ ਝੰਡਾ ਮਾਰਚ ਦੀਆਂ ਤਿਆਰੀਆਂ ਮੁਕੰਮਲ ਕਰ ਲਈ ਗਈਆਂ ਹਨ। ਉਨ੍ਹਾਂ ਕਿਹਾ ਵਾਟਰ ਸਪਲਾਈ ਸੀਵਰੇਜ ਬੋਰਡ, ਪਾਵਰਕੌਮ, ਜਲ ਸਪਲਾਈ ਸੈਨੀਟੇਸ਼ਨ, ਫਰਦ ਕੇਂਦਰ ਵੇਰਕਾ ਆਦਿ ਅਦਾਰਿਆਂ ਵਿੱਚ ਕੰਮ ਕਰਦੇ ਨਿਗੂਣੀਆਂ ਤਨਖਾਹਾਂ ਤੇ ਸੰਤਾਪ ਹੰਡਾ ਰਹੇ ਹਨ ਸੱਤਾ ਵਿੱਚ ਆਈ ਆਮ ਆਦਮੀ ਦੀ ਸਰਕਾਰ ਵੱਲੋਂ ਪੰਜਾਬ ਦੇ ਠੇਕਾ ਮੁਲਾਜ਼ਮਾਂ ਨਾਲ ਝੂਠੇ ਵਾਅਦੇ ਕਰਕੇ ਉਨਾਂ ਨੂੰ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਵੀ ਰੈਗੂਲਰ ਨਹੀਂ ਕੀਤਾ ਗਿਆ ਅਤੇ ਨਾ ਹੀ ਉਨਾਂ ਦੀਆਂ ਤਨਖਾਹ ਹਾਲੇ ਵਿੱਚ ਕੋਈ ਵਾਧਾ ਕੀਤਾ ਗਿਆ ਹੈ। ਆਮ ਆਦਮੀ ਦੀ ਸਰਕਾਰ ਨੇ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਉਕਾ ਹੀ ਧਿਆਨ ਨਹੀਂ ਦਿੱਤਾ ਹੈ। ਜਦ ਕਿ ਉਨ੍ਹਾਂ ਵੱਲੋਂ ਲਗਾਤਾਰ ਦਿੱਤੀਆਂ ਗਈਆਂ ਸੇਵਾਵਾਂ ਨੂੰ ਧਿਆਨ 'ਚ ਰੱਖਦੇ ਹੋਏ ਸਰਕਾਰ ਵੱਲੋਂ ਪੱਕੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਸੀ ਕਿਉਂਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਲੀਡਰਾਂ ਵਲੋਂ ਇਹ ਵਾਅਦਾ ਕੀਤਾ ਗਿਆ ਸੀ ਕਿ 'ਆਪ' ਸਰਕਾਰ ਬਣਨ ਉਪਰੰਤ ਹਰ ਤਰ੍ਹਾਂ ਦੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇਗਾ ਪਰ ਹੁਣ 4 ਸਾਲ ਬੀਤਣ ਦੇ ਬਾਅਦ ਵੀ ਸਮੇਂ ਦੀ ਸਰਕਾਰ ਨੇ ਠੇਕਾ ਮੁਲਾਜ਼ਮਾਂ ਦੇ ਭਵਿੱਖ ਨੂੰ ਲੈ ਕੇ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ, ਠੇਕਾ ਮੁਲਾਜ਼ਮਾਂ ਨੇ ਦੱਸਿਆ ਕਿ ਘੱਟੋਂ ਘੱਟ ਉਜਰਤ ਦੇ ਕਾਨੂੰਨ 1948 ਅਨੁਸਾਰ ਪੰਦਰਵੀਂ ਲੇਬਰ ਕਾਨਫ਼ਰੰਸ ਦੀਆਂ ਸਿਫਾਰਸ਼ਾਂ ਨੂੰ ਸ਼ਾਮਿਲ ਕਰਕੇ ਤਨਖਾਹ ਨਿਸ਼ਚਿਤ ਕੀਤੀ ਜਾਵੇ ਤੇ ਹੋਰ ਮੰਗਾਂ ਜਿਨ੍ਹਾਂ ਦਾ ਹੱਲ ਕਰਨ ਲਈ ਵਾਅਦਾ ਕੀਤਾ ਸੀ, ਉਹ ਮੰਗਾ ਹੁਣ ਤੱਕ ਪੂਰੀਆਂ ਨਹੀਂ ਕੀਤੀਆਂ ਜਿਸ ਤੇ ਰੋਸ ਵਜੋਂ ਠੇਕਾ ਮੁਲਾਜ਼ਮਾਂ ਵੱਲੋਂ 22 ਮਾਰਚ ਤੋਂ ਲੈ ਕੇ 5 ਅਪ੍ਰੈਲ ਤੱਕ ਹਲਕਾ ਦਿੜ੍ਹਬਾ ਦੇ ਪਿੰਡਾਂ ਤੇ ਕਸਵਿਆਂ ਵਿੱਚ ਝੰਡਾ ਮਾਰਚ ਜਾਰੀ ਰਹਿਣਗੇ। ਇਸ ਮੌਕੇ ਗਗਨਦੀਪ ਸਿੰਘ ਸੁਨਾਮ , ਪ੍ਰਦੀਪ ਕੁਮਾਰ ਚੀਮਾ,ਗੁਰਵਿੰਦਰ ਸਿੰਘ ਧਾਲੀਵਾਲ, ਯਾਦਵਿੰਦਰ ਸਿੰਘ ਯਾਦੀ, ਪ੍ਰਦੀਪ ਸਿੰਘ ਭੀਖੀ, ਜਸਵੀਰ ਸਿੰਘ ਭੀਖੀ, ਗਗਨ ਸ਼ਰਮਾ ਸਨਾਮ ਮੁਖਤਿਆਰ ਸਿੰਘ ਕਾਂਝਲਾ, ਸੰਦੀਪ ਸਿੰਘ ਸੁਨਾਮ ਆਦਿ ਹਾਜ਼ਰ ਸਨ।

# ਵਰਿੰਦਰ ਸੰਧੂ ਨੂੰ ਸਦਮਾ ਦਾਦਾ ਜੀ ਦਾ ਦੇਹਾਂਤ, ਇਲਾਕੇ 'ਚ ਸੋਗ ਦੀ ਲਹਿਰ

**ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 20 ਮਾਰਚ :**



ਹੱਸਦੇ-ਹਸਾਉਂਦੇ ਸੁਭਾਅ ਵਾਲੇ ਵਰਿੰਦਰ ਸੰਧੂ (ਆਨਲਾਇਨ ਪ੍ਰਮੋਸ਼ਨ) ਦੇ ਪਰਿਵਾਰ 'ਤੇ ਉਸ ਵੇਲੇ ਦੁੱਖਾਂ ਦਾ ਪਹਾੜ ਆਣ ਟੁੱਟ ਪਿਆ ਜਦੋਂ ਘਰ ਦੇ ਮੁੱਖ ਸਤੰਭ ਬਾਪੂ ਨਛੱਤਰ ਸਿੰਘ ਸੰਧੂ ਜੀ ਦਾ ਅਚਾਨਕ ਦੇਹਾਂਤ ਹੋ ਗਿਆ। ਇਸ ਦੁੱਖਦਾਇਕ ਖ਼ਬਰ ਦੇ ਫੈਲਦੇ ਹੀ ਪਰਿਵਾਰ, ਰਿਸ਼ਤੇਦਾਰਾਂ ਅਤੇ ਦੋਸਤਾਂ ਵਿਚ ਸੋਗ ਦੀ ਲਹਿਰ ਦੌੜ ਗਈ ਅਤੇ ਹਰ ਪਾਸੇ ਗਹਿਰਾ ਦੁੱਖ ਪ੍ਰਗਟਾਇਆ ਜਾ ਰਿਹਾ ਹੈ। ਇਸ ਦੁੱਖ ਦੀ ਘੜੀ ਵਿਚ ਪੋਤਰਾ ਵਰਿੰਦਰ ਸੰਧੂ, ਧਰਮ-ਪਤਨੀ ਪਰਮਜੀਤ ਕੌਰ, ਸਪੁੱਤਰ ਸੁਖਚੈਨ ਸਿੰਘ ਅਤੇ ਸੁਖਜਿੰਦਰ ਸਿੰਘ, ਪੋਤਰਾ ਤਜਿੰਦਰ ਸਿੰਘ, ਜਵਾਈ ਸਤਨਾਮ ਸਿੰਘ ਅਤੇ ਜਗਜੀਤ ਸਿੰਘ, ਪੜਪੋਤਾ ਜਿਤਮਨ ਸਿੰਘ ਸਮੇਤ ਸਮੂਹ ਸੰਧੂ ਨਾਲ ਵੱਖ-ਵੱਖ ਸਮਾਜਿਕ ਸੰਸਥਾਵਾਂ, ਕਿਸਾਨ ਜਥੇਬੰਦੀਆਂ, ਰਾਜਨੀਤਕ ਪਾਰਟੀਆਂ ਦੇ ਆਗੂਆਂ, ਸੰਗੀਤਕ ਹਸਤੀਆਂ, ਇਲਾਕੇ ਦੇ ਪੰਚ-ਸਰਪੰਚਾਂ ਅਤੇ ਪਿੰਡ ਵਾਸੀਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸਵ. ਨਛੱਤਰ ਸਿੰਘ ਸੰਧੂ ਜੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 24 ਮਾਰਚ (ਦਿਨ ਮੰਗਲਵਾਰ) ਨੂੰ ਪਿੰਡ ਚੱਕ ਜਮੀਤ ਸਿੰਘ ਵਾਲਾ (ਮਿਸ਼ਰੀ ਵਾਲਾ), ਨੇੜੇ ਸਾਦਿਕ ਦੇ ਗੁਰਦੁਆਰਾ ਸਾਹਿਬ ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗੀ। ਮਾਲਿਕ ਦੇ ਚਰਨਾਂ ਵਿਚ ਅਰਦਾਸ ਹੈ ਕਿ ਵਿਛੜੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ ਅਤੇ ਪਰਿਵਾਰ ਨੂੰ ਇਸ ਅਸਹਿਣ ਦੁੱਖ ਨੂੰ ਸਹਿਣ ਦੀ ਤਾਕਤ ਦੇਵੇ।

# ਐਸ.ਡੀ.ਕਾਲਜ ਆਫ਼ ਐਜੂਕੇਸ਼ਨ ਵਿਖੇ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਦਾ ਆਯੋਜਨ

**ਆਜ਼ਾਦ ਸੋਚ, ਬਡਬਰ,20 ਮਾਰਚ:**



ਐਸ.ਡੀ.ਕਾਲਜ ਦੇ 70ਵੀਂ ਵਰੇਗੰਢ ਮੌਕੇ ਇੱਕ ਉੱਚ-ਪੱਧਰੀ, ਇੱਕ ਦਿਨੀ ਰਾਸ਼ਟਰੀ ਸੈਮੀਨਾਰ ਸਫਲਤਾਪੂਰਵਕ ਐਸ.ਡੀ. ਕਾਲਜ ਆਫ਼ ਐਜੂਕੇਸ਼ਨ ਵਿਖੇ ਆਯੋਜਿਤ ਕੀਤਾ ਗਿਆ ,ਜਿਸ ਦਾ ਕੇਂਦਰੀ ਵਿਸ਼ਾ ਸੀ ਭਾਰਤੀ ਗਿਆਨ ਪ੍ਰਣਾਲੀ ਅਤੇ ਸਨਾਤਨ ਧਰਮ। ਇਸ ਸੈਮੀਨਾਰ ਦਾ ਉਦੇਸ਼ ਪ੍ਰਾਚੀਨ ਭਾਰਤੀ ਵਿਦਿਆ ਅਤੇ ਆਧੁਨਿਕ ਸਿੱਖਿਆ-ਪ੍ਰਬੰਧਨ ਵਿਚਕਾਰ ਏਕੀਕਰਨ ਦੀ ਪੜਤਾਲ ਕਰਨਾ ਸੀ। ਇਹ ਸਮਾਗਮ ਇੰਡੀਅਨ ਕਾਉਂਸਲ ਆਫ਼ ਸੋਸ਼ਲ ਸਾਇੰਸ ਰਿਸਰਚ,ਸਿੱਖਿਆ ਮੰਤਰਾਲੇ,ਭਾਰਤ ਸਰਕਾਰ,ਦੇ ਸਹਿਯੋਗ ਨਾਲ ਸੰਭਵ ਹੋ ਸਕਿਆ। ਸੈਮੀਨਾਰ ਦੀ ਸ਼ੁਰੂਆਤ ਇੱਕ ਪ੍ਰਤਿਸ਼ਠਿਤ ਉਦਘਾਟਨ ਸਮਾਰੋਹ ਨਾਲ ਹੋਈ,ਜਿਸ ਵਿੱਚ ਕਾਲੇਜ ਦੇ ਪ੍ਰਿੰਸੀਪਲ ਡਾ.ਤਪਨ ਕੁਮਾਰ ਸਾਹੂ ਨੇ ਸੈਮੀਨਾਰ ਦੇ ਥੀਮ ਉੱਤੇ ਚਾਨਣਾ ਪਾਇਆ। ਪ੍ਰੋਫੈਸਰ ਰਾਘਵੇਂਦਰ ਪੀ. ਤਿਵਾਰੀ, ਮਾਨਯੋਗ ਵਾਈਸ ਚਾਂਸਲਰ, ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ ਨੇ ਮੁੱਖ ਮਹਿਮਾਨ ਦੀ ਭੂਮਿਕਾ ਨਿਭਾਈ । ਐਸ.ਡੀ.ਸੰਸਥਾਵਾਂ ਦੇ ਜਰਨਲ ਸਕੱਤਰ ਸ਼੍ਰੀ ਜਤਿੰਦਰ ਨਾਥ ਸ਼ਰਮਾ ਨੇ ਉਹਨਾਂ ਨੂੰ ਰਸਮੀ ਤੌਰ ਤੇ ਜੀ ਆਇਆਂ ਨੂੰ ਕਿਹਾ ।ਪ੍ਰੋ.ਤਿਵਾਰੀ ਨੇ ਆਪਣੇ ਸੰਬੋਧਨ ਵਿੱਚ ਪੁਰਾਤਨ ਸਿੱਖਿਆ ਦੇ ਮੁੱਲਾਂ ਨੂੰ ਆਧੁਨਿਕ ਪਾਠਕ੍ਰਮ ਵਿੱਚ ਸ਼ਾਮਲ ਕਰਨ 'ਤੇ ਬਲ ਦਿੱਤਾ ਅਤੇ ਪੁਰਾਤਨ ਭਾਰਤੀ ਸਿੱਖਿਆ ਪ੍ਰਣਾਲੀ ਦਾ ਸੰਦਰਭੀਕਰਨ ਵਿਸ਼ੇ ਤੇ ਪ੍ਰਭਾਵਸ਼ਾਲੀ ਪਾਵਰ ਪੁਆਇੰਟ ਪੇਸ਼ਕਾਰੀ ਦਿੱਤੀ। ਮੁੱਖ ਭਾਸ਼ਣ ਪ੍ਰੋਫੈਸਰ ਡਾ. ਸਤਵਿੰਦਰ ਪਾਲ ਕੌਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਦਿੱਤਾ ਗਿਆ। ਉਨ੍ਹਾਂ ਨੇ ਸਨਾਤਨ ਧਰਮ ਦੀਆਂ ਦਾਰਸ਼ਨਿਕ ਡੂੰਘਾਈਆਂ ਨੂੰ ਵਿਸਥਾਰ ਨਾਲ ਬਿਆਨ ਕੀਤਾ ਅਤੇ ਇਸ ਦੀ ਸੰਪੂਰਨ ਸਿੱਖਿਆ ਵਾਤਾਵਰਣ ਪੈਦਾ ਕਰਨ ਵਿੱਚ ਪ੍ਰਸੰਗਿਕਤਾ 'ਤੇ ਚਾਨਣਾ ਪਾਇਆ। ਇਸ ਉਦਘਾਟਨੀ ਸਮਾਰੋਹ ਵਿੱਚ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ਼੍ਰੀ ਨਰੇਸ਼ ਸਿੰਗਲਾ ,ਵਾਈਸ ਪ੍ਰਧਾਨ ਸ਼੍ਰੀ ਰਾਹੁਲ ਅੱਤਰੀ ਜੀ,ਜਰਨਲ ਸਕੱਤਰ ਸ਼੍ਰੀ ਜਤਿੰਦਰ ਨਾਥ ਸ਼ਰਮਾ ਜੀ,ਜੁਆਇੰਟ ਵਿੱਤ ਸਕੱਤਰ ਡਾ.ਰਾਹੁਲ ਗਾਰਗੀ ਅਤੇ ਡਾਇਰੈਕਟਰ ਸ਼੍ਰੀ ਐੱਚ.ਐਸ.ਅੱਤਰੀ ਸ਼ਾਮਲ ਹੋਏ।

ਅਕਾਦਮਿਕ ਕਾਰਵਾਈਆਂ ਨੂੰ ਦੋ ਤੀਬਰ ਤਕਨੀਕੀ ਸੈਸ਼ਨਾਂ ਵਿੱਚ ਵੰਡਿਆ ਗਿਆ। ਤਕਨੀਕੀ ਸੈਸ਼ਨ 1 ਦੇ ਚੇਅਰਮੈਨ ਪ੍ਰੋਫੈਸਰ ਸ਼ੰਕਰ ਲਾਲ ਬੀਕਾ (ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ) ਰਹੇ ।ਇਸ ਸੈਸ਼ਨ ਵਿੱਚ ਭਾਰਤੀ ਸਿੱਖਿਆ ਦੇ ਇਤਿਹਾਸਕ ਪਹਿਲੂਆਂ ਅਤੇ ਸਨਾਤਨ ਧਰਮ ਦੇ ਦਾਰਸ਼ਨਿਕ ਸਿਧਾਂਤਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਤਕਨੀਕੀ ਸੈਸ਼ਨ 2 ਦੇ ਚੇਅਰਮੈਨ ਡਾ. ਗਗਨ ਦੀਪ ਥਾਪਾ (ਮੁਖੀ,ਸਿੱਖਿਆ ਅਤੇ ਸਮੁਦਾਏ ਵਿਭਾਗ,ਪੰਜਾਬੀ ਯੂਨੀਵਰਸਿਟੀ,ਪਟਿਆਲਾ)ਰਹੇ ।ਇਹ ਸੈਸ਼ਨ 21ਵੀਂ ਸਦੀ ਦੀਆਂ ਸਿੱਖਿਆ-ਸਿੱਖਣ ਪ੍ਰਕਿਰਿਆਵਾਂ ਵਿੱਚ ਭਾਰਤੀ ਗਿਆਨ ਪ੍ਰਣਾਲੀ ਦੇ ਵਿਹਾਰਕ ਉਪਯੋਗ 'ਤੇ ਸਮਰਪਿਤ ਸੀ। ਸੈਮੀਨਾਰ ਵਿੱਚ ਜੀਵੰਤ ਅਕਾਦਮਿਕ ਸ਼ਮੂਲੀਅਤ ਵੇਖਣ ਨੂੰ ਮਿਲੀ। ਲਗਭਗ 70 ਡੈਲੀਗੇਟਸ, ਜਿਨ੍ਹਾਂ ਵਿੱਚ ਵੱਖ-ਵੱਖ ਨਾਮਵਰ ਸੰਸਥਾਵਾਂ ਦੇ ਪ੍ਰਿੰਸੀਪਲ, ਫੈਕਲਟੀ ਮੈਂਬਰ ਅਤੇ ਖੋਜ ਵਿਦਵਾਨ ਸ਼ਾਮਲ ਹੋਏ।ਪ੍ਰੋ.ਬਰਿੰਦਰ ਕੌਰ ਜੀ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ। ਸੈਮੀਨਾਰ ਵਿੱਚ ਲਗਭਗ 46 ਖੋਜ ਪੇਪਰ ਆਫ਼ਲਾਈਨ ਅਤੇ ਆਨਲਾਈਨ ਦੋਨਾਂ ਢੰਗਾਂ ਨਾਲ਼ ਪੰਜਾਬ,ਹੋਰ ਪ੍ਰਦੇਸ਼ਾਂ ਤੋਂ ਅਤੇ ਭਾਰਤ ਤੋਂ ਬਾਹਰ ਯੂਗਾਂਡਾ ਵਰਗੇ ਮੁਲਕ ਦੇ ਵਿਦਵਾਨਾਂ ਵੱਲੋਂ ਪੇਸ਼ ਕੀਤੇ ਗਏ। ਇਹ ਪੇਪਰ ਵਿਭਿੰਨ ਉਪ-ਵਿਸ਼ਿਆਂ ਜਿਵੇਂ ਵੈਦਿਕ ਗਣਿਤ, ਪ੍ਰਾਚੀਨ ਵਾਤਾਵਰਣ ਨੈਤਿਕਤਾ ਅਤੇ ਚਰਿੱਤਰ ਨਿਰਮਾਣ ਵਿੱਚ ਧਰਮ ਦੀ ਭੂਮਿਕਾ ਆਦਿ ਨੂੰ ਕਵਰ ਕਰਦੇ ਸਨ। ਕਾਲਜ ਦੀ ਸਮੂਹ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਅਤੇ ਪ੍ਰਿੰਸੀਪਲ ਡਾਕਟਰ ਤਪਨ ਕੁਮਾਰ ਸਾਹੂ ਨੇ ਸੈਮੀਨਾਰ ਦੀ ਸਫਲਤਾ ਤੇ ਖੁਸ਼ੀ ਜ਼ਾਹਿਰ ਕਰਦਿਆਂ ਸੈਮੀਨਾਰ ਦੇ ਕਨਵੀਨਰ ਮੈਡਮ ਬਰਿੰਦਰ ਕੌਰ ਅਤੇ ਸਮੂਹ ਸਟਾਫ ਦੀ ਹੌਂਸਲਾ ਅਫਜ਼ਾਈ ਕੀਤੀ ।ਕਾਲਜ ਦੇ ਆਈ ਕਿਊ ਐਸ ਸੀ ਸੈੱਲ ਵੱਲੋਂ ਆਯੋਜਿਤ ਇਹ ਰਾਸ਼ਟਰੀ ਸੈਮੀਨਾਰ ਆਪਣੀਆਂ ਅਮਿੱਟ ਪੈੜਾਂ ਛੱਡ ਗਿਆ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਲੋਕ ਵੱਡੀ ਗਿਣਤੀ 'ਚ ਲੈ ਰਹੇ ਹਨ ਲਾਭ : ਚੇਅਰਮੈਨ ਗਗਨਦੀਪ ਸਿੰਘ ਧਾਲੀਵਾਲ




**ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 20 ਮਾਰਚ:**

ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਗੁਰੂ ਰਾਮਦਾਸ ਫਿਜ਼ਿਓਥੈਰੇਪੀ ਸੈਂਟਰ, ਫ਼ਿਰੋਜ਼ਪੁਰ ਰੋਡ, ਫ਼ਰੀਦਕੋਟ ਵਿਖੇ 10 ਲੱਖ ਰੁਪਏ ਤੱਕ ਦਾ ਹੈਲਥ ਕਾਰਡ ਬਣਾਉਣ ਲਈ ਇੱਕ ਹਫ਼ਤੇ ਦਾ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਚੇਅਰਮੈਨ ਨਗਰ ਸੁਧਾਰ ਟਰੱਸਟ ਫ਼ਰੀਦਕੋਟ ਸ. ਗਗਨਦੀਪ ਸਿੰਘ ਧਾਲੀਵਾਲ ਵੱਲੋਂ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਚੇਅਰਮੈਨ ਸ. ਗਗਨਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਇਹ ਯੋਜਨਾ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਮਹਾਨ ਗੁਰੂ ਸਾਹਿਬਾਨਾਂ ਦੇ 'ਸਰਬਤ ਦੇ ਭਲੇ' ਦੇ ਸੰਦੇਸ਼ ਨੂੰ ਅਪਣਾਉਂਦਿਆਂ ਇਹ ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸੂਬੇ ਦੇ ਲਗਭਗ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਪ੍ਰਦਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਵਿੱਚ ਆਮਦਨ ਦੀ ਕੋਈ ਪਾਬੰਦੀ ਨਹੀਂ ਰੱਖੀ ਗਈ ਅਤੇ ਸਰਕਾਰੀ ਕਰਮਚਾਰੀਆਂ ਤੇ ਪੈਨਸ਼ਨਰਾਂ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਕੀਮ ਅਧੀਨ ਪੰਜਾਬ ਦੇ 219 ਸਰਕਾਰੀ ਅਤੇ 600 ਤੋਂ ਵੱਧ ਪ੍ਰਾਈਵੇਟ ਹਸਪਤਾਲ ਸੂਚੀਬੱਧ ਕੀਤੇ ਗਏ ਹਨ, ਜਿਸ ਨਾਲ ਹੁਣ ਕੋਈ ਵੀ ਵਿਅਕਤੀ ਆਰਥਿਕ ਤੰਗੀ ਕਾਰਨ ਇਲਾਜ ਤੋਂ ਵਾਂਝਾ ਨਹੀਂ ਰਹੇਗਾ। ਇਹ ਕੈਂਪ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਜ਼ਿਲ੍ਹਾ ਫ਼ਰੀਦਕੋਟ ਦੇ ਵਾਇਸ ਕੋਆਰਡੀਨੇਟਰ ਪ੍ਰੋ. ਗੁਰਸੇਵਕ ਸਿੰਘ ਅਤੇ ਆਗੂ ਮਨਦੀਪ ਤਿਵਾੜੀ ਦੀ ਅਗਵਾਈ ਹੇਠ ਲਗਾਇਆ ਗਿਆ। ਕੈਂਪ ਦਾ ਮਕਸਦ ਲੋਕਾਂ ਤੱਕ ਇਸ ਯੋਜਨਾ ਦਾ ਲਾਭ ਪਹੁੰਚਾਉਣਾ ਅਤੇ ਹਰ ਪਰਿਵਾਰ ਨੂੰ ਸਿਹਤ ਸੁਰੱਖਿਆ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀਆਂ ਨੇ ਕੈਂਪ ਵਿੱਚ ਸ਼ਿਰਕਤ ਕੀਤੀ। ਮੀਂਹ ਦੇ ਬਾਵਜੂਦ ਵੀ ਲੋਕਾਂ ਵਿੱਚ ਕੈਂਪ ਪ੍ਰਤੀ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਉਹ ਸਕੀਮ ਦਾ ਲਾਭ ਲੈਣ ਲਈ ਅੱਗੇ ਆਏ।

# ਪੰਜਾਬ ਸਰਕਾਰ ਪਿੰਡਾਂ ਦੇ ਚਹੁੰਪੱਖੀ ਵਿਕਾਸ ਲਈ ਵਚਨਬੱਧ : ਜਤਿੰਦਰ ਫੌਜੀ

**ਆਜ਼ਾਦ ਸੋਚ, ਅਭਿਸ਼ੇਕ ਸੂਦ, ਭਾਗ ਸਿੰਘ ਅੰਟਾਲ, ਘਨੌਰ, 20 ਮਾਰਚ :**



ਜਤਿੰਦਰ ਸਿੰਘ ਜੰਡਮੰਗੋਲੀ ਐਕਸ ਸਰਵਿਸ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨੇ ਗ ਲ ਬ ਾ ਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਚਹੁੰਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਹਰ ਖੇਤਰ ਵਿੱਚ ਸੁਧਾਰ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦਾ ਮੁੱਖ ਮਕਸਦ ਹਰ ਘਰ ਤੱਕ ਬੁਨਿਆਦੀ ਸੁਵਿਧਾਵਾਂ ਪਹੁੰਚਾਉਣਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਸਖ਼ਤ ਰਵੱਈਆ ਅਪਣਾਇਆ ਗਿਆ ਹੈ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਸਿੱਧਾ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਪਾਰਟੀ ਵਲੰਟੀਅਰਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਬਾਰੇ ਘਰ-ਘਰ ਜਾ ਕੇ ਜਾਣਕਾਰੀ ਦੇਣ ਅਤੇ ਲੋਕਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖਣ। ਇਸ ਦੌਰਾਨ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਪਤਰਕਾਰਾਂ ਨਾਲ਼ ਆਪਣੇ ਸੁਝਾਅ ਸਾਂਝੇ ਕੀਤੇ।

# ਐਮਪੀ ਮੀਤ ਹੇਅਰ ਵੱਲੋਂ ਆੜਤੀਆਂ ਦੀ ਢਾਈ ਫੀਸਦੀ ਆੜਤ ਦਾ ਮੁੱਦਾ ਚੁੱਕਣਾ ਸ਼ਲਾਘਾਯੋਗ : ਰੱਬੜ

**ਅਜਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 20 ਮਾਰਚ:**



ਲੋਕ ਸਭਾ ਹਲਕਾ ਸੰਗਰੂਰ ਤੋਂ ਜਿੱਤੇ ਆਮ ਆਦਮੀ ਪਾਰਟੀ ਦੇ ਸੰਸਦ ਮੀਤ ਹੇਅਰ ਵੱਲੋਂ ਆਪਣੇ ਭਾਸ਼ਣ ਦੌਰਾਨ ਲੋਕ ਸਭਾ ਵਿੱਚ ਆੜਤੀਆਂ ਦੀ ਢਾਈ ਫੀਸਦੀ ਆੜਤ ਦਾ ਮੁੱਦਾ ਚੁੱਕਣਾ ਸ਼ਲਾਘਾਯੋਗ ਉਦਮ ਹੈ। ਇਹ ਵਿਚਾਰ ਆੜਤੀ ਐਸੋਸੀਏਸ਼ਨ ਦੇ ਸੂਬਾ ਵਾਈਸ ਪ੍ਰਧਾਨ ਜੀਵਨ ਕੁਮਾਰ ਰੱਬੜ ਨੇ ਇੱਥੇ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਆਪਣੇ ਭਾਸ਼ਣ ਦੌਰਾਨ ਮੀਤ ਹੇਅਰ ਨੇ ਕਿਹਾ ਕਿ ਆੜਤੀਆਂ ਅਤੇ ਕਿਸਾਨਾਂ ਦਾ ਨੌਂਹ ਮਾਸ ਦਾ ਰਿਸ਼ਤਾ ਹੈ, ਜੋ ਆਪਣੇ ਆਪ ਵਿੱਚ ਇੱਕ ਦੂਜੇ ਤੋਂ ਬਿਨਾਂ ਅਧੂਰੇ ਹਨ। ਉਨ੍ਹਾਂ ਕਿਹਾ ਕਿ ਪਹਿਲੀਆਂ ਸਰਕਾਰਾਂ ਵੱਲੋਂ ਇਹਨਾਂ ਨੂੰ ਢਾਈ ਫੀਸਦੀ ਫਸਲ ਉੱਤੇ ਆੜਤ ਮਿਲਦੀ ਸੀ, ਇਨੀਂ ਮਹਿੰਗਾਈ ਦੇ ਬਾਵਜੂਦ ਕੇਂਦਰ ਸਰਕਾਰ ਨੇ ਆੜਤ ਵਧਾਉਣ ਦੀ ਜਗ੍ਹਾ ਇਹਨਾਂ ਦੀ 46 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਜੋ ਹੁਣ ਆੜਤੀਆਂ ਵੱਲੋਂ ਸੰਘਰਸ਼ ਤੋਂ ਬਾਅਦ ਸਿਰਫ 50 ਰੁਪਏ ਕੁਇੰਟਲ ਹੀ ਕੀਤੀ ਹੈ। ਜਦੋਂ ਕਿ ਪਿਛਲੇ ਸਾਲਾਂ ਵਿੱਚ ਮਹਿੰਗਾਈ ਵਧਣ ਕਾਰਨ ਇਹਨਾਂ ਦੇ ਪਾਵਰ ਕਲੀਨਰਾਂ ਦੇ ਭਾਅ ਦੁਗਣੇ, ਬਿਜਲੀ ਦੇ ਰੇਟਾਂ ਵਿੱਚ ਵਾਧਾ, ਡੀਜ਼ਲ ਸਮੇਤ ਹੋਰ ਰਿਪੇਅਰ ਅਤੇ ਢੋਆ ਢੁਆਈ ਵਿੱਚ ਇਹਨਾਂ ਦਾ ਖਰਚਾ ਪਹਿਲਾਂ ਨਾਲੋਂ ਦੁਗਣੇ ਦੇ ਕਰੀਬ ਹੋ ਗਿਆ ਹੈ। ਪ੍ਰੰਤੂ ਜੇਕਰ ਆੜਤ ਦੀ ਗੱਲ ਕਰੀਏ ਇਹ ਵਧਾਉਣ ਦੀ ਥਾਂ ਘਟਾ ਦਿੱਤੀ ਹੈ ਸੋ ਇਸ ਨੂੰ ਵਧਾ ਕੇ ਤਿੰਨ ਫੀਸਦੀ ਕੀਤਾ ਜਾਵੇ । ਮੀਤ ਹੇਅਰ ਨੇ ਮੰਗ ਕਰਦਿਆਂ ਕਿਹਾ ਕਿ ਜੇਕਰ 3 ਫੀਸਦੀ ਨਹੀਂ ਕੀਤੀ ਜਾਂਦੀ ਤਾਂ ਢਾਈ ਫੀਸਦੀ ਤਾਂ ਜ਼ਰੂਰ ਰਹਿਣੀ ਚਾਹੀਦੀ ਹੈ। ਵਾਈਸ ਪ੍ਰਧਾਨ ਨੇ ਦੱਸਿਆ ਕਿ ਇਸ ਤੋਂ ਇਲਾਵਾ ਸੰਸਦ ਮੀਤ ਹੇਅਰ ਕੇਂਦਰ ਵੱਲੋਂ ਰੋਕੇ ਆਰਡੀਐਫ ਦੇ 8500 ਰੁਪਏ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ, ਅਮਰੀਕਾ ਨਾਲ ਸਮਝੌਤਾ ਰੱਦ ਕਰਨ ਲਈ ਕਿਹਾ ਤੇ ਐਮਐਸਪੀ ਦੀ ਗਰੰਟੀ ਮੰਗਦਿਆਂ ਆਪਣੇ ਵਾਅਦੇ ਪੂਰੇ ਕਰਨ ਤੇ ਜ਼ੋਰ ਦਿੱਤਾ। ਵਾਇਸ ਪ੍ਰਧਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੰਸਦ ਮੀਤ ਹੇਅਰ ਨੇ ਆੜਤੀਆਂ ਦਾ ਮੁੱਦਾ ਚੁੱਕ ਕੇ ਸਾਬਤ ਕਰ ਦਿੱਤਾ ਹੈ ,ਕਿ ਆਪ ਸਰਕਾਰ ਵਪਾਰੀਆਂ ਅਤੇ ਮਜ਼ਦੂਰਾਂ ਦੇ ਨਾਲ ਖੜੀ ਹੈ।

# ਗਰੀਨ ਮਿਸ਼ਨ ਪੰਜਾਬ ਅਧੀਨ ਬਣਾਏ ਰੈਸਟ ਹਾਊਸ ਧਾਰ ਦਾ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂ ਚੱਕ ਨੇ ਕੀਤਾ ਉਦਘਾਟਨ

**ਆਜ਼ਾਦ ਸੋਚ, ਅਸ਼ਵਨੀ ਭਗਤ, ਪਠਾਨਕੋਟ, 20 ਮਾਰਚ :**



ਅੱਜ ਜ਼ਿਲਾ ਪਠਾਨਕੋਟ ਨੂੰ ਇੱਕ ਹੋਰ ਬਹੁਤ ਹੀ ਵੱਡਾ ਤੋਹਫਾ ਮਿਲਿਆ ਹੈ ਜੋ ਪਠਾਨਕੋਟ ਨੂੰ ਇੱਕ ਵੱਖਰੀ ਪਹਿਚਾਣ ਦਿਲਾਏਗਾ ਪੰਜਾਬ ਸਰਕਾਰ ਵੱਲੋਂ ਕਰੀਬ 65 ਲੱਖ ਰੁਪਏ ਖਰਚ ਕਰਕੇ ਬਣਾਇਆ ਗਿਆ ਰੈਸਟ ਹਾਊਸ ਧਾਰਕਲਾਂ ਟੂਰਿਸਟਾਂ ਦੇ ਲਈ ਖਿੱਚ ਦਾ ਕੇਂਦਰ ਬਣੇਗਾ। ਇਹ ਪ੍ਰਗਟਾਵਾ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਧਾਰਕਲਾਂ ਵਿਖੇ ਬਣਾਏ ਗਏ ਵਣ ਵਿਭਾਗ ਦੇ ਰੈਸਟ ਹਾਊਸ ਦਾ ਉਦਘਾਟਨ ਕਰਨ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵ ਸ਼੍ਰੀ ਸੰਜੀਵ ਤਿਵਾੜੀ ਡਾਇਰੈਕਟਰ ਟੂਰਿਜ਼ਮ ਪੰਜਾਬ, ਰੇਂਜ ਅਫਸਰ ਧਾਰ ਕਲਾਂ ਬਖਸੀਸ਼ ਕੁਮਾਰ, ਰੇਂਜ ਅਫਸਰ ਦੁਨੇਰਾ ਅਸ਼ਵਨੀ ਕੁਮਾਰ, ਜੰਗ ਬਹਾਦਰ ਰੇਂਜ ਅਫਸਰ ਵਾਇਲਡ ਲਾਈਫ, ਰੋਸ਼ਨ ਲਾਲ ਭਗਤ ਜਿਲ ?ਾ ਪ੍ਰਧਾਨ ਐਸਸੀ ਵਿੰਗ ਪਠਾਨਕੋਟ , ਸੰਦੀਪ ਕੁਮਾਰ ਬਲਾਕ ਪ੍ਰਧਾਨ, ਸੋਹਨ ਲਾਲ ਸਾਹਪੁਰਕੰਡੀ,ਮੁਕੇਸ਼ ਕੁਮਾਰ, ਸਰਪੰਚ ਅਵਾਂ ਕਰਤਾਰ ਚੰਦ, ਸਰਪੰਚ ਪਿੰਡ ਭੂਣ ਵਿੱਕੀ, ਸਰਪੰਚ ਧਾਰ ਬਲਵੰਤ ਸਿੰਘ, ਬਲਾਕ ਪ੍ਰਧਾਨ ਕੇਵਲ, ਸਾਬਕਾ ਸਰਪੰਚ ਦਰਸ਼ਨ, ਸਰਪੰਚ ਪਿੰਡ ਪਲਾਹ ਦਰਸ਼ਨ ਲਾਲ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਅਤੇ ਅਹੁਦੇਦਾਰ ਹਾਜ਼ਰ ਸਨ।ਇਸ ਮੌਕੇ ਤੇ ਸੰਬੋਧਿਤ ਕਰਦਿਆਂ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸ਼ੀ ਦਾ ਦਿਨ ਹੈ ਕਿ ਜ਼ਿਲ੍ਹਾ ਪਠਾਨਕੋਟ ਦਾ ਇੱਕ ਬਹੁਤ ਹੀ ਨਾਮਵਰ ਇਲਾਕਾ ਬਹੁਤ ਖੂਬਸੂਰਤ ਇਲਾਕਾ ਜਿਹਨੂੰ ਕਈ ਨਾਮ ਦੇ ਨਾਲ ਜਾਣਿਆ ਜਾਂਦਾ ਮਿੰਨੀ ਗੋਆ, ਮਿੰਨੀ ਸਵੀਟੀਜਰਲੈਂਡ ਆਦਿ ਨਾਮਾਂ ਦੇ ਨਾਲ ਜਾਣਿਆ ਜਾਂਦਾ ਹੈ। ਧਾਰਕਲਾਂ ਜੋ ਕਿ ਜ਼ਿਲ੍ਹਾ ਪਠਾਨਕੋਟ ਦਾ ਹਿੱਸਾ ਹੈ ਅਤੇ ਇਸ ਦਾ ਬਹੁਤ ਸਾਰਾ ਖੇਤਰ ਵਣ ਵਿਭਾਗ ਅਧੀਨ ਹੈ। ਉਹਨਾਂ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਕੁਝ ਦਿਨ ਪਹਿਲਾਂ ਹੀ ਉਹਨਾਂ ਵੱਲੋਂ ਧਾਰ ਵਿਖੇ ਜਿੱਥੇ ਪਹਿਲਾਂ ਹੀ ਰੈਸਟ ਹਾਊਸ ਬਣਿਆ ਹੋਇਆ ਹੈ ਉਸ ਨੂੰ ਅਪਗ੍ਰੇਡ ਕਰਦਿਆਂ ਨਵਾਂ ਰੈਸਟ ਹਾਊਸ ਬਣਾਉਣ ਲਈ ਕਾਰਜ ਆਰੰਭ ਕਰਵਾਏ ਸਨ ਅਤੇ ਅੱਜ ਜੋ ਨਵਾਂ ਰੈਸਟ ਹਾਊਸ ਕਰੀਬ 65 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ ਨੂੰ ਮੁਕੰਮਲ ਕਰਕੇ ਲੋਕਾਂ ਦੇ ਸਮਰਪਿਤ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਹ ਰੈਸਟ ਹਾਊਸ ਗਰੀਨ ਪੰਜਾਬ ਮਿਸ਼ਨ ਦੇ ਤਹਿਤ ਲਗਭਗ 65 ਲੱਖ ਰੁਪਏ ਦੀ ਲਾਗਤ ਨਾਲ ਇੱਕ ਬਹੁਤ ਹੀ ਖੂਬਸੂਰਤ ਖੇਤਰ ਦੇ ਅੰਦਰ ਇੱਕ ਬਹੁਤ ਵੱਡੀ ਨਿਆਮਤ ਜ਼ਿਲ ?ਾ ਪਠਾਨਕੋਟ ਨੂੰ ਮਿਲੀ ਹੈ ਜੋ ਇਸ ਖੇਤਰ ਨੂੰ ਪੂਰੇ ਪੰਜਾਬ ਅੰਦਰ ਇੱਕ ਵੱਖਰੀ ਪਹਿਚਾਣ ਦੇਵੇਗੀ।

ਉਹਨਾਂ ਕਿਹਾ ਕਿ ਪਹਿਲਾਂ ਇੱਥੇ ਰੈਸਟ ਹਾਊਸ ਵਿੱਚ ਕਮਰਿਆਂ ਦੀ ਘਾਟ ਹੋਣ ਕਰਕੇ ਬਾਹਰ ਤੋਂ ਆਉਣ ਵਾਲੇ ਟੂਰਿਸਟ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਪਰ ਹੁਣ ਨਵਾਂ ਰੈਸਟ ਹਾਊਸ ਬਣਨ ਕਰਕੇ ਟੂਰਿਸਟ ਨੂੰ ਕਿਸੇ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਅਤੇ ਇਹ ਰੈਸਟ ਹਾਊਸ ਜਿਸ ਖੇਤਰ ਅੰਦਰ ਬਣਾਇਆ ਗਿਆ ਹੈ ਟੂਰਿਸਟ ਦੇ ਲਈ ਖਿੱਚ ਦਾ ਕੇਂਦਰ ਬਣੇਗਾ।

ਉਹਨਾਂ ਕਿਹਾ ਕਿ ਅਸੀਂ ਧੰਨਵਾਦ ਕਰਦੇ ਹਾਂ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦਾ ਜਿਨਾਂ ਨੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਲਈ ਇੱਕ ਬੀੜਾ ਚੁੱਕਿਆ ਹੋਇਆ ਜਿਹਦੇ ਅੰਦਰ ਇਨਵਾਇਰਮੈਂਟ ਨੂੰ ਸਾਫ ਸੁਥਰਾ ਰੱਖਣਾ ਵਾਤਾਵਰਨ ਨੂੰ ਠੀਕ ਰੱਖਣਾ ਤੇ ਫੋਰਸਟ ਨੂੰ ਹੋਰ ਡਿਵੈਲਪ ਕਰਨ ਦੇ ਲਈ ਬਹੁਤ ਵੱਡੇ ਪ੍ਰੋਜੈਕਟ ਚਲਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਮੈਂ ਸਾਰੇ ਪੰਜਾਬੀਆਂ ਨੂੰ ਅਪੀਲ ਕਰਨਾ ਚਾਹੁੰਦਾ ਕਿ ਜਰੂਰ ਇੱਥੇ ਵਿਜਿਟ ਕਰੋ ਤੁਹਾਨੂੰ ਬਹੁਤ ਗੁੱਡ ਫੀਲ ਹੋਏਗਾ ਤੁਹਾਨੂੰ ਬਹੁਤ ਚੰਗਾ ਲੱਗੇਗਾ, ਪਹਾੜੀ ਖੇਤਰ ਅੰਦਰ ਬਣਾਇਆ ਇਹ ਰੈਸਟ ਹਾਊਸ ਪੂਰੇ ਪੰਜਾਬ ਲਈ ਇੱਕ ਬਹੁਤ ਹੀ ਵਧੀਆ ਤੋਹਫਾ ਹੋਵੇਗਾ।

# ਮਧੇਵਾਲਾ ਕੰਪਲੈਕਸ ਦੇ ਸਿੱਖਿਆਰਥੀਆਂ ਨਾਲ ਰੂ-ਬ-ਰੂ ਹੋਈ ਮਨਪ੍ਰੀਤ ਕੌਰ ਧਲੇਵਾਂ




**ਆਜ਼ਾਦ ਸੋਚ, ਪਰਿੰਸ ਜਿੰਦਲ, ਭੀਖੀ, 20 ਮਾਰਚ :**

ਯੂ.ਪੀ.ਐਸ.ਸੀ. ਵਿਚੋਂ 136ਵਾਂ ਰੈਂਕ ਹਾਸਿਲ ਕਰਨ ਵਾਲੀ ਪਿੰਡ ਧਲੇਵਾਂ ਦੀ ਮਨਪ੍ਰੀਤ ਕੌਰ ਨਾਲ ਅੱਜ ਸਥਾਨਕ ਮਧੇਵਾਲਾ ਕੰਪਲੈਕਸ ਵਿਖੇ ਸਿੱਖਿਆਰਥੀਆਂ ਨਾਲ ਰੂ-ਬ-ਰੂ ਸਮਾਰੋਹ ਆਯੋਜਿਤ ਕੀਤਾ ਗਿਆ ।ਇਸ ਮੌਕੇ ਮਧੇਵਾਲਾ ਕੰਪਲੈਕਸ ਦੇ ਐਮ.ਡੀ. ਨਵਜੋਤ ਜਿੰਦਲ ਅਤੇ ਮੈਡਮ ਰਿਤੂ ਨੇ ਮਨਪ੍ਰੀਤ ਕੌਰ ਦਾ ਪਹੁੰਚਣ 'ਤੇ ਵਿਸ਼ੇਸ਼ ਧੰਨਵਾਦ ਕੀਤਾ ਅਤੇ ਉਨਾਂ ਦੀ ਸਫਲਤਾ ਲਈ ਵਧਾਈ ਦਿੰਦਿਆਂ ਉਨਾਂ ਨੂੰ ਸਨਮਾਨਿਤ ਵੀ ਕੀਤਾ। ਇਸ ਦੌਰਾਨ ਮਨਪ੍ਰੀਤ ਕੌਰ ਨੇ ਸਿੱਖਿਆਰਥੀਆਂ ਅਤੇ ਸਟਾਫ ਨਾਲ ਆਪਣੀ ਸਫਲਤਾ ਦੇ ਅਨੁਭਵ ਅਤੇ ਜਿੰਦਗੀ ਵਿੱਚ ਸਫਲ ਹੋਣ ਲਈ ਪੜ੍ਹਾਈ ਅਤੇ ਅਨੁਸ਼ਾਸਨ ਦੇ ਨੁਕਤੇ ਸਾਂਝੇ ਕੀਤੇ। ਇਸ ਮੌਕੇ ਗੱਲਬਾਤ ਕਰਦਿਆਂ ਉਨਾਂ ਕਿਹਾ ਕਿ ਕਿਸੇ ਵੀ ਖੇਤਰ ਵਿੱਚ ਸਫਲਤਾ ਹਾਸਿਲ ਕਰਨ ਲਈ ਸਾਨੂੰ ਆਪਣੇ ਮਿਥੇ ਟੀਚੇ 'ਤੇ ਧਿਆਨ ਕੇਂਦ੍ਰਿਤ ਰੱਖਣਾ ਚਾਹੀਦਾ ਹੈ ਅਤੇ ਸੂਚੀਬੱਧ ਸਮਾਂ ਸਾਰਨੀ ਬਣਾ ਕੇ ਪੜ੍ਹਾਈ ਕਰਨੀ ਚਾਹੀਦੀ ਹੈ। ਉਨਾਂ ਕਿਹਾ ਕਿ ਕਿਸੇ ਵੀ ਖੇਤਰ ਵਿੱਚ ਸਫਲ ਹੋਣ ਲਈ ਅਨੁਸ਼ਾਸਨ ਅਤੇ ਸਹਿਣਸ਼ੀਲਤਾ ਬਹੁਤ ਜਰੂਰੀ ਹੈ ਕਿਉਂਕਿ ਜਰੂਰੀ ਨਹੀਂ ਹੁੰਦਾ ਕਿ ਅਸੀਂ ਇੱਕ ਵਾਰ 'ਚ ਹੀ ਸਫਲ ਹੋਈ ਪ੍ਰੰਤੂ ਜੇਕਰ ਅਸੀਂ ਆਪਣੇ ਮਿੱਥੇ ਟੀਚੇ ਅਨੁਸਾਰ ਮਿਹਨਤ ਕਰਦੇ ਰਹਾਂਗੇ ਤਾਂ ਸਫਲਤਾ ਜਰੂਰ ਹਾਸਿਲ ਕਰਾਂਗੇ। ਇਸ ਤੋਂ ਇਲਾਵਾ ਸਿੱਖਿਆਰਥੀਆਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਉਨਾਂ ਹਲੀਮੀ ਨਾਲ ਦਿੱਤੇ। ਇਸ ਮੌਕੇ ਉਨਾਂ ਨਾਲ ਸੁਖਦੇਵ ਸਿੰਘ ਧਲੇਵਾਂ, ਹਰਵਿੰਦਰ ਧਲੇਵਾਂ, ਕੁਲਸ਼ੇਰ ਸਿੰਘ ਰੂਬਲ, ਵਿਵੇਕ ਜੈਨ, ਅਜੈ ਰਿਸ਼ੀ ਵੀ ਹਾਜਰ ਸਨ।

# ਚੇਅਰਮੈਨ ਖੋਸਾ ਵੱਲੋਂ ਅੰਬੇਦਕਰ ਨਗਰ 'ਚ ਧਰਮਸ਼ਾਲਾ ਲਈ ਸਾਢੇ 12 ਲੱਖ ਰੁਪਏ ਦੇ ਫੰਡ ਜਾਰੀ

**ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 20 ਮਾਰਚ :**



ਅੰਬੇਦਕਰ ਨਗਰ ਦੀ ਲੰਬੇ ਸਮੇਂ ਤੋਂ ਚੱਲ ਰਹੀ ਧਰਮਸ਼ਾਲਾ ਬਣਾਉਣ ਦੀ ਮੰਗ ਨੂੰ ਅੱਜ ਪੂਰਾ ਕਰਦਿਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਪਲਾਨਿੰਗ ਬੋਰਡਸ ਸ. ਗੁਰਤੇਜ ਸਿੰਘ ਖੋਸਾ ਵੱਲੋਂ ਆਪਣੇ ਅਖਤਿਆਰੀ ਫੰਡ ਵਿੱਚੋਂ ਸਾਢੇ 12 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਗਏ। ਇਸ ਮੌਕੇ ਸ. ਗੁਰਤੇਜ ਸਿੰਘ ਖੋਸਾ ਨੇ ਦੱਸਿਆ ਕਿ ਇਹ ਰਕਮ ਉਨ੍ਹਾਂ ਵੱਲੋਂ ਆਪਣੇ ਅਖਤਿਆਰੀ ਫੰਡ ਵਿੱਚੋਂ ਦਿੱਤੀ ਗਈ ਹੈ ਅਤੇ ਇਲਾਕੇ ਦੇ ਲੋਕਾਂ ਦਾ ਪੈਸਾ ਇਲਾਕੇ ਦੀ ਭਲਾਈ ਲਈ ਹੀ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅੰਬੇਦਕਰ ਨਗਰ ਵਿੱਚ ਵੱਡੀ ਗਿਣਤੀ ਵਿੱਚ ਗਰੀਬ ਵਰਗ ਦੇ ਲੋਕ ਰਹਿੰਦੇ ਹਨ ਅਤੇ ਉਨ੍ਹਾਂ ਦੇ ਬੱਚਿਆਂ ਅਤੇ ਸਮਾਜਿਕ ਪ੍ਰੋਗਰਾਮਾਂ ਲਈ ਧਰਮਸ਼ਾਲਾ ਦੀ ਬਹੁਤ ਲੋੜ ਮਹਿਸੂਸ ਕੀਤੀ ਜਾ ਰਹੀ ਸੀ, ਜੋ ਹੁਣ ਜਲਦ ਹੀ ਤਿਆਰ ਹੋਵੇਗੀ। ਉਨ੍ਹਾਂ ਹੋਰ ਦੱਸਿਆ ਕਿ ਸ਼ਹਿਰ ਵਿੱਚ ਬਾਜ਼ੀਗਰ ਬਸਤੀ, ਦਸ਼ਮੇਸ਼ ਨਗਰ ਸਮੇਤ ਕਈ ਥਾਵਾਂ 'ਤੇ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਲੱਗਭਗ 10 ਸਾਲਾਂ ਤੋਂ ਕਈ ਥਾਵਾਂ 'ਤੇ ਨੀਂਹ ਪੱਥਰ ਤਾਂ ਰੱਖੇ ਗਏ ਸਨ ਪਰ ਕੰਮ ਸ਼ੁਰੂ ਨਹੀਂ ਹੋਇਆ ਸੀ। ਚੇਅਰਮੈਨ ਸ. ਖੋਸਾ ਨੇ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਕੇਵਲ ਐਲਾਨ ਨਹੀਂ, ਸਗੋਂ ਜਮੀਨੀ ਪੱਧਰ ਤੇ ਕੰਮ ਕਰਕੇ ਪਹਿਲਾਂ ਪ੍ਰੋਜੈਕਟ ਮੁਕੰਮਲ ਕੀਤੇ ਜਾ ਰਹੇ ਹਨ ਅਤੇ ਬਾਅਦ ਵਿੱਚ ਉਦਘਾਟਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਗਲੀਆਂ, ਨਾਲੀਆਂ ਅਤੇ ਹੋਰ ਬੁਨਿਆਦੀ ਸਹੂਲਤਾਂ ਲਈ ਵੀ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ ਅਤੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਨੂੰ ਤਰਜੀਹ ਦੇ ਆਧਾਰ ਤੇ ਪੂਰਾ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਸੱਤਾ ਰੁਪਈਆਂ ਵਾਲਾ ਵੀ ਹਾਜ਼ਰ ਸੀ।

# ਲੁਧਿਆਣਾ 'ਚ ਟਾਟਾ ਸਟੀਲ ਪਲਾਂਟ ਨੇ ਉਤਪਾਦਨ ਕੀਤਾ ਸ਼ੁਰੂ, ਹਜ਼ਾਰਾਂ ਨੌਜਵਾਨਾਂ ਨੂੰ ਮਿਲੇਗਾ ਰੁਜ਼ਗਾਰ

**ਆਜ਼ਾਦ ਸੋਚ, ਸੋਹਨ ਸਿੰਘ ਸੋਢੀ, ਭਵਾਨੀਗੜ੍ਹ, 20 ਮਾਰਚ:**

ਪੰਜਾਬ ਵਿੱਚ ਉਦਯੋਗਿਕ ਕ੍ਰਾਂਤੀ ਅਤੇ ਨਿਵੇਸ਼ ਦੇ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਹੋਈ ਹੈ। ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਅੱਜ ਇੱਕ ਅਹਿਮ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਲੁਧਿਆਣਾ ਵਿਖੇ ਸਥਾਪਿਤ ਕੀਤੇ ਗਏ ਟਾਟਾ ਸਟੀਲ ਦੇ ਅਤਿ-ਆਧੁਨਿਕ ਪਲਾਂਟ ਵਿੱਚ ਉਤਪਾਦਨ ਦਾ ਕੰਮ ਸਫਲਤਾਪੂਰਵਕ ਸ਼ੁਰੂ ਹੋ ਗਿਆ ਹੈ। ਉਨ੍ਹਾਂ ਇਸ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਇੱਕ ਇਤਿਹਾਸਕ ਪ੍ਰਾਪਤੀ ਦੱਸਿਆ ਹੈ। ਡਾ. ਮਿੰਕੂ ਜਵੰਧਾ ਨੇ ਦੱਸਿਆ ਕਿ ਇਹ ਪ੍ਰੋਜੈਕਟ ਮਾਨ ਸਰਕਾਰ ਦੀ ਉਦਯੋਗ-ਪੱਖੀ ਨੀਤੀਆਂ ਅਤੇ ਪ੍ਰਸ਼ਾਸਨਿਕ ਸਹਿਯੋਗ ਸਦਕਾ ਸਿਰਫ਼ 2 ਸਾਲਾਂ ਦੇ ਰਿਕਾਰਡ ਸਮੇਂ ਵਿੱਚ ਪੂਰਾ ਹੋਇਆ ਹੈ।

# ਕੱਪੜੇ ਵੀ ਵਧਾ-ਘਟਾ ਸਕਦੇ ਨੇ ਤੁਹਾਡਾ ਆਤਮਵਿਸ਼ਵਾਸ

**ਵਰਸੋਲਾ ਗੁਰਦਾਸਪੁਰ**

ਬਦਲਦੇ ਜ਼ਮਾਨੇ ਦੇ ਨਾਲ ਹੀ ਸਾਡਾ ਪਹਿਰਾਵਾ ਵੀ ਬਦਲਦਾ ਜਾ ਰਿਹਾ ਹੈ। ਹਰ ਉਮਰ ਜਾਂ ਹਰ ਵਰਗ ਦਾ ਹਰੇਕ ਵਿਅਕਤੀ ਚਾਹੁੰਦਾ ਹੈ ਕਿ ਉਹ ਸੁੰਦਰ ਦਿਸਣ ਲਈ ਵਧੀਆ ਕੱਪੜੇ ਪਾਵੇ। ਸਿਰਫ਼ ਔਰਤਾਂ ਹੀ ਨਹੀਂ, ਸਗੋਂ ਮਰਦ ਅਤੇ ਬੱਚੇ ਵੀ ਇਸ ਵਿਚ ਪੂਰੇ ਸਰਗਰਮ ਹਨ। ਲੋਕਾਂ ਦੀ ਮੰਗ ਤੇ ਪਸੰਦ ਨੂੰ ਮੁੱਖ ਰੱਖਦੇ ਹੋਏ ਅੱਜਕਲ੍ਹ ਬਹੁਤ ਸਾਰੇ ਮਹਿੰਗੇ ਅਤੇ ਵੱਖ-ਵੱਖ ਤਰ੍ਹਾਂ ਨਾਲ ਡਿਜ਼ਾਈਨ ਕੀਤੇ ਹੋਏ ਕੱਪੜੇ ਬਾਜ਼ਾਰ ਵਿਚ ਮੌਜੂਦ ਹਨ। ਇਸ ਜ਼ਮਾਨੇ ਨੇ ਪੰਜਾਬੀ ਦੀ ਇਸ ਕਹਾਵਤ 'ਖਾਈਏ ਮਨ ਭਾਉਂਦਾ ਤੇ ਪਾਈਏ ਜੱਗ ਭਾਉਂਦਾ' ਨੂੰ ਵੀ ਰੱਦ ਕਰਕੇ ਰੱਖ ਦਿੱਤਾ ਹੈ. ਕਿਉਂਕਿ ਬਦਲੇ ਹੋਏ ਇਸ 'ਮਾਡਰਨ ਯੁੱਗ' ਵਿਚ ਹਰ ਕੋਈ ਮਨ ਭਾਉਂਦਾ ਖਾਣ ਲਈ ਸ਼ਾਇਦ ਏਨਾ ਉਤਾਵਲਾ ਨਾ ਹੋਵੇ ਜਿੰਨਾ ਮਨ ਭਾਉਂਦਾ ਪਹਿਨਣਾ ਚਾਹੁੰਦਾ ਹੈ ਤੇ ਉਹ ਭਾਵੇਂ ਜੱਗ ਵਾਲਿਆਂ ਨੂੰ ਵੇਖਣ ਵਿਚ ਚੰਗਾ ਜਾਂ ਬੁਰਾ ਹੀ ਕਿਉਂ ਨਾ ਲੱਗੇ, ਇਸ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ। ਪਰ ਇਸ ਦੇ ਨਾਲ ਹੀ ਅਸੀਂ ਇਸ ਗੱਲ ਨੂੰ ਵੀ ਰੱਦ ਨਹੀਂ ਕਰ ਸਕਦੇ ਕਿ ਜੇਕਰ ਤੁਸੀਂ ਆਪਣੇ ਪਹਿਨੇ ਹੋਏ ਕੱਪੜਿਆਂ ਵਿਚ ਸਹਿਜ ਮਹਿਸੂਸ ਕਰਦੇ ਹੋ ਅਤੇ ਇਨ੍ਹਾਂ ਪ੍ਰਤੀ ਮਨ ਤੋਂ ਸੰਤੁਸ਼ਟ ਹੋ ਤਾਂ ਫਿਰ ਤੁਹਾਡਾ ਆਤਮਵਿਸ਼ਵਾਸ਼ ਵੀ ਵਧ ਸਕਦਾ ਹੈ ਅਤੇ ਜੇਕਰ ਤੁਸੀਂ ਪਹਿਨੇ ਹੋਏ ਕੱਪੜਿਆਂ ਵਿਚ ਸਹਿਜ ਮਹਿਸੂਸ ਨਹੀਂ ਕਰ ਰਹੇ ਜਾਂ ਤੁਹਾਡੇ ਮਨ ਵਿਚ ਇਨ੍ਹਾਂ ਪ੍ਰਤੀ ਕੋਈ ਸ਼ੰਕਾ ਹੈ ਤਾਂ ਤੁਹਾਡਾ ਆਤਮ-ਵਿਸ਼ਵਾਸ ਗਿਰਾਵਟ 'ਚ ਹੀ ਰਹੇਗਾ। ਖਾਸ ਕਰਕੇ ਔਰਤਾਂ ਲਈ ਇਹ ਗੱਲ ਜ਼ਿਆਦਾ ਧਿਆਨ ਦੇਣ ਯੋਗ ਹੈ।



ਬੇਸ਼ੱਕ ਹਰ ਮੌਕੇ 'ਤੇ ਸਾਨੂੰ ਵੱਖ-ਵੱਖ ਕੱਪੜੇ ਹੀ ਪਹਿਨਣੇ ਪੈਂਦੇ ਹਨ। ਉਦਾਹਰਣ ਦੇ ਤੌਰ 'ਤੇ ਜੇਕਰ ਕੋਈ ਵਿਆਹ-ਸ਼ਾਦੀ ਜਾਂ ਖੁਸ਼ੀ ਦਾ ਸਮਾਗਮ ਹੈ ਤਾਂ ਹਰ ਕੋਈ ਵਧੀਆ ਤੋਂ ਵਧੀਆ ਕੱਪੜੇ ਪਹਿਨਦਾ ਹੈ। ਆਮ ਵੇਖਣ ਵਿਚ ਆਉਂਦਾ ਹੈ ਕਿ ਬਹੁਤ ਸਾਰੀਆਂ ਮੁਟਿਆਰਾਂ ਜਾਂ ਵਿਆਹੁਤਾ ਔਰਤਾਂ ਖੁਸ਼ੀ ਦੇ ਮੌਕਿਆਂ 'ਤੇ ਵੱਡੇ-ਵੱਡੇ ਲਹਿੰਗੇ ਪਹਿਨਦੀਆਂ ਹਨ ਜੋ ਸੁੰਦਰ ਤਾਂ ਲਗਦੇ ਹਨ, ਪਰ ਇਨ੍ਹਾਂ ਵਿਚ ਉਹ ਸਹਿਜ ਮਹਿਸੂਸ ਨਹੀਂ ਕਰਦੀਆਂ, ਜਿਸ ਕਾਰਨ ਇਸ ਖੁਸ਼ੀ ਦੇ ਮੌਕੇ 'ਤੇ ਹੋਣ ਵਾਲੇ ਬਹੁਤ ਸਾਰੇ ਕੰਮਾਂ ਲਈ ਉਨ੍ਹਾਂ ਦਾ ਆਤਮਵਿਸ਼ਵਾਸ ਘਟਦਾ ਹੈ। ਖਾਸ ਕਰਕੇ ਜੇਕਰ ਤੁਸੀਂ ਕਿਸੇ ਇੰਟਰਵਿਊ 'ਤੇ ਜਾ ਰਹੇ ਹੋ ਤਾਂ ਆਪਣੇ ਸਬੰਧਤ ਦਫ਼ਤਰ ਦੇ ਬਾਰੇ ਜਾਣਕਾਰੀ ਹਾਸਲ ਕਰਕੇ ਉਸ ਦੇ ਅਨੁਸਾਰ ਕੱਪੜੇ ਪਹਿਨ ਕੇ ਜਾਓ। ਇਥੇ ਖਾਸ ਖਿਆਲ ਰੱਖੋ ਕਿ ਇਨ੍ਹਾਂ ਕੱਪੜਿਆਂ ਵਿਚ ਤੁਸੀਂ ਸਹਿਜ ਮਹਿਸੂਸ ਕਰੋ ਅਤੇ ਨਾਲ ਹੀ ਤੁਹਾਡੇ ਮਨ ਵਿਚ ਵੀ ਕੱਪੜਿਆਂ ਨੂੰ ਲੈ ਕੇ ਕੋਈ ਸ਼ੰਕਾ ਨਹੀਂ ਹੋਣੀ ਚਾਹੀਦੀ। ਜੇਕਰ ਅਜਿਹਾ ਹੁੰਦਾ ਹੈ ਤਾਂ ਤੁਹਾਡਾ ਆਤਮਵਿਸ਼ਵਾਸ ਗਿਰਾਵਟ ਵਿਚ ਹੀ ਰਹੇਗਾ ਅਤੇ ਇਸ ਨਾਲ ਤੁਹਾਡਾ ਬਣਦਾ ਕੰਮ ਵਿਗੜ ਵੀ ਸਕਦਾ ਹੈ।

ਇਸ ਤਰ੍ਹਾਂ ਇਹ ਗੱਲ ਸਪੱਸ਼ਟ ਹੈ ਕਿ ਕੱਪੜੇ ਸਿਰਫ਼ ਸੁੰਦਰ ਦਿਸਣ ਲਈ ਹੀ ਨਹੀਂ, ਸਗੋਂ ਆਤਮਵਿਸ਼ਵਾਸ ਵਧਾਉਣ ਜਾਂ ਘਟਾਉਣ ਦਾ ਕੰਮ ਵੀ ਕਰਦੇ ਹਨ।

# ਆਪਣੀ ਬੇਟੀ ਨੂੰ 'ਕਿਚਨ ਕੁਈਨ' ਬਣਾਓ




ਪੁਰਾਣੇ ਸਮਿਆਂ ਵਿਚ ਔਰਤ ਨੂੰ ਘਰ ਦੀ ਚਾਰਦੀਵਾਰੀ ਵਿਚ ਹੀ ਰਹਿਣ ਦੀ ਆਗਿਆ ਸੀ ਅਤੇ ਬਾਹਰ ਦੇ ਸਾਰੇ ਕੰਮ ਮਰਦ ਦੀ ਜ਼ਿੰਮੇਵਾਰੀ ਹੁੰਦੀ ਸੀ। ਸਮੇਂ ਦੇ ਬਦਲਣ ਨਾਲ ਔਰਤ ਵੀ ਘਰ ਤੋਂ ਬਾਹਰ ਆ ਕੇ ਮਰਦਾਂ ਵਾਂਗ ਹੀ ਸਾਰੇ ਕੰਮ ਕਰਨ ਲੱਗ ਪਈ ਹੈ। ਫੌਜ, ਪੁਲਿਸ ਅਤੇ ਸਿਵਲ ਵਿਭਾਗਾਂ ਵਿਚ ਔਰਤਾਂ ਵੀ ਉੱਚ ਅਹੁਦਿਆਂ 'ਤੇ ਮਰਦਾਂ ਬਰਾਬਰ ਹੀ ਫਰਜ਼ ਨਿਭਾਅ ਰਹੀਆਂ ਹਨ। ਪਰ ਦੇਖਣ ਵਿਚ ਆਇਆ ਹੈ ਕਿ ਸਕੂਲਾਂ-ਕਾਲਜਾਂ ਵਿਚ ਪੜ੍ਹਦੀਆਂ ਲੜਕੀਆਂ ਰਸੋਈ ਦੇ ਕੰਮ-ਕਾਜ ਵੱਲ ਘੱਟ ਹੀ ਧਿਆਨ ਦਿੰਦੀਆਂ ਹਨ। ਅਕਸਰ ਬਹਾਨਾ ਇਹ ਹੁੰਦਾ ਹੈ ਕਿ ਪੜ੍ਹਾਈ-ਲਿਖਾਈ ਤੋਂ ਵਿਹਲ ਹੀ ਨਹੀਂ ਮਿਲਦਾ, ਇਸ ਲਈ ਖਾਣਾ ਬਣਾਉਣ ਦਾ ਬਲ ਕਿਵੇਂ ਸਿੱਖੀਏ ? ਕਿਸੇ ਹੱਦ ਤੱਕ ਹੈ ਵੀ ਠੀਕ, ਸਕੂਲਾਂ-ਕਾਲਜਾਂ ਵਿਚ ਕਿਤਾਬਾਂ ਦਾ ਬੋਝ ਬਹੁਤ ਵਧ ਗਿਆ ਹੈ। ਸਕੂਲ ਆਉਣ-ਜਾਣ 'ਤੇ ਵੀ ਕਾਫੀ ਸਮਾਂ ਲੱਗ ਜਾਂਦਾ ਹੈ। ਇਸ ਲਈ ਹੋਰ ਕਿਸੇ ਕੰਮ ਲਈ ਸਮਾਂ ਕੱਢਣਾ ਅਸੰਭਵ ਹੀ ਤਾਂ ਹੈ। ਪਰ ਫਿਰ ਵੀ ਰਸੋਈ ਦਾ ਕੰਮ ਸਿੱਖਣਾ ਤਾਂ ਔਰਤਾਂ ਦੇ ਹੀ ਹਿਤ ਵਿਚ ਹੈ। ਸਹੁਰੇ ਘਰ ਜਾ ਕੇ ਜੇਕਰ ਖਾਣਾ ਤਿਆਰ ਕਰਨ ਦਾ ਕੰਮ ਬਹੂ ਨੂੰ ਨਾ ਆਵੇ ਤਾਂ ਉਸ ਲਈ ਕਾਫੀ ਮੁਸ਼ਕਿਲ ਸਥਿਤੀ ਪੈਦਾ ਹੋ ਸਕਦੀ ਹੈ। ਤੁਹਾਨੂੰ ਕਈ ਤਰ੍ਹਾਂ ਦੇ ਚੰਗੇ-ਮਾੜੇ ਬੋਲ ਸੁਣਨੇ ਪੈ ਸਕਦੇ ਹਨ। ਤੁਹਾਡੀ ਪੜ੍ਹਾਈ ਭਾਵੇਂ ਕਿੰਨੀ ਵੀ ਉੱਚੀ ਕਿਉਂ ਨਾ ਹੋਵੇ, ਤੁਹਾਡੀ ਵਿਅਕਤੀਗਤ ਸੰਪੂਰਨਤਾ ਤਾਂ ਹੀ ਹੋਵੇਗੀ, ਜੇਕਰ ਤੁਹਾਨੂੰ ਰਸੋਈ ਦੇ ਕੰਮਾਂ ਵਿਚ ਮੁਹਾਰਤ ਹਾਸਲ ਹੈ। ਜੇਕਰ ਤੁਸੀਂ ਕੋਈ ਜੌਬ ਵੀ ਕਰਦੇ ਹੋ, ਸਾਂਝੇ ਪਰਿਵਾਰ ਤੋਂ ਵੱਖ ਰਹਿੰਦੇ ਹੋ ਭਾਵ ਆਪਣੇ ਸਿਰ-ਬਸਿਰ ਹੋ ਤਾਂ ਜ਼ਰੂਰੀ ਗੱਲ ਹੈ ਕਿ ਰੋਟੀ-ਪਾਣੀ ਲਈ ਕਿਸੇ ਦਾ ਆਸਰਾ ਲਵੋਂਗੇ।

ਚਾਹੇ ਸਹਾਇਕ ਹੋਵੇ ਵੀ, ਫਿਰ ਵੀ ਕੰਮ ਆਉਣਾ ਬਹੁਤ ਜ਼ਰੂਰੀ ਹੈ। ਬੇਟੀ ਨੂੰ ਵਿਹਲੇ ਸਮੇਂ ਵਿਚ ਰਸੋਈ ਵਿਚ ਬੁਲਾ ਕੇ ਖਾਣਾ ਤਿਆਰ ਕਰਨ ਦੇ ਢੰਗ-ਤਰੀਕੇ ਦੱਸੋ, ਜਿਸ ਨਾਲ ਉਹ ਆਪਣੇ ਆਉਣ ਵਾਲੇ ਜੀਵਨ ਵਿਚ ਸਫਲਤਾ ਪ੍ਰਾਪਤ ਕਰ ਸਕੇ, ਇਹ ਬਹੁਤ ਜ਼ਰੂਰੀ ਹੈ।

# ਗ੍ਰਹਿ ਪ੍ਰਵੇਸ਼ ਤੋਂ ਪਹਿਲਾਂ

**ਸਵਾਤੀ**

ਜਾਇਦਾਦ ਦੀਆਂ ਕੀਮਤਾਂ ਏਨੀਆਂ ਜ਼ਿਆਦਾ ਹੋਣ ਕਾਰਨ ਜ਼ਮੀਨ ਲੈ ਕੇ ਮਕਾਨ ਬਣਵਾਉਣਾ ਇਕ ਸੁਪਨਾ ਦੇਖਣ ਵਾਂਗ ਹੈ। ਤਾਂ ਹੀ ਤਾਂ ਰੁਝਾਨ ਅਪਾਰਟਮੈਂਟ ਦਾ ਹੋ ਗਿਆ ਹੈ ਜਾਂ ਲੋਕ ਸੈਕਿੰਡ ਹੈਂਡ ਮਕਾਨ ਖਰੀਦ ਕੇ ਆਪਣੇ ਆਸ਼ਿਆਨੇ ਦਾ ਸੁਪਨਾ ਪੂਰਾ ਕਰ ਲੈਂਦੇ ਹਨ। ਫਿਰ ਵੀ ਪੈਸਾ ਕੁਝ ਬਚ ਜਾਵੇ ਤਾਂ ਲੋਕ ਇੰਟੀਰੀਅਰ ਕਰਵਾਉਣ ਦੀ ਸੋਚਦੇ ਹਨ।

ਬਹੁਤ ਸਾਰੇ ਲੋਕ ਜਿਨ੍ਹਾਂ ਦੇ ਕੋਲ ਹੋਰ ਪੈਸਾ ਖਰਚਣ ਲਈ ਨਹੀਂ ਹੁੰਦਾ, ਉਹ ਲੋਕ ਬਸ ਸਫ਼ਾਈ ਕਰਵਾ ਕੇ ਅਤੇ ਪੇਂਟਸ, ਪਾਲਿਸ਼ ਕਰਵਾ ਕੇ ਸ਼ਿਫਟ ਕਰ ਜਾਂਦੇ ਹਨ। ਅਜਿਹੇ ਲੋਕਾਂ ਲਈ ਕੁਝ ਨੁਸਖੇ ਪੇਸ਼ ਹਨ ਘਰ ਬਦਲਣ ਤੋਂ ਪਹਿਲਾਂ-

× ਪਹਿਲਾ ਕੰਮ, ਜੇਕਰ ਘਰ ਸੈਕਿੰਡ ਹੈਂਡ ਹੈ ਤਾਂ ਪਹਿਲਾਂ ਰਹਿਣ ਵਾਲਿਆਂ ਦੇ ਬਚੇ ਸਮਾਨ ਨੂੰ ਬਾਹਰ ਦਾ ਰਾਹ ਦਿਖਾਓ।

× ਕੰਧਾਂ 'ਤੇ ਲੱਗੇ ਕਿੱਲ ਆਦਿ ਵੀ ਸਭ ਕਢਾ ਦਿਓ। ਕਿਸੇ ਵੀ ਕੰਧ 'ਤੇ ਕੋਈ ਤਸਵੀਰ ਜਾਂ ਪੋਸਟਰ ਲੱਗਾ ਹੋਵੇ, ਉਸ ਨੂੰ ਲਾਹ ਕੇ ਕੰਧ ਸਾਫ਼ ਕਰਵਾ ਲਓ।

× ਗ੍ਰਹਿ ਪ੍ਰਵੇਸ਼ ਤੋਂ ਪਹਿਲਾਂ ਘਰ ਵਿਚ ਵਾਈਟ ਵਾਸ਼ ਅਤੇ ਦਰਵਾਜ਼ਿਆਂ 'ਤੇ ਪਾਲਿਸ਼ ਪੇਂਟ ਜ਼ਰੂਰ ਕਰਵਾ ਲਓ, ਤਾਂ ਕਿ ਕੋਈ ਨਾਂਹ-ਪੱਖੀ ਗੱਲ ਨਾ ਰਹੇ।

× ਫਰਸ਼, ਸਕਰਟਿੰਗ ਦਾ ਚੰਗੀ ਤਰ੍ਹਾਂ ਨਿਰੀਖਣ ਕਰੋ। ਜੇਕਰ ਉਨ੍ਹਾਂ ਵਿਚ ਕੋਈ ਦਰਾੜ ਵਗੈਰਾ ਹੋਵੇ ਤਾਂ ਉਸ ਨੂੰ ਭਰਵਾ ਲਓ। ਹੋ ਸਕੇ, ਜੇਕਰ ਥੋੜ੍ਹਾ ਪੈਸਾ ਖਰਚ ਕਰ ਸਕੋ ਤਾਂ ਫਰਸ਼ ਦੀ ਇਕ ਰਗੜਾਈ ਕਰਵਾ ਲਓ ਤਾਂ ਕਿ ਫਰਸ਼ ਅਤੇ ਸਕਰਟਿੰਗ ਵਿਚ ਚਮਕ ਆ ਜਾਵੇ।



× ਫਰਸ਼ ਜ਼ਿਆਦਾ ਪੁਰਾਣਾ ਹੋਵੇ ਅਤੇ ਥੋੜ੍ਹੀ ਟੁੱਟ-ਭੱਜ ਹੋਵੇ ਤਾਂ ਫਲੋਰ ਟਾਇਲਾਂ ਲਗਵਾ ਲਓ।

× ਘਰ ਵਿਚ ਪਹਿਲਾਂ ਹੀ ਵੁੱਡਵਰਕ ਕੀਤਾ ਹੋਇਆ ਹੈ ਤਾਂ ਸ਼ਿਫਟ ਕਰਨ ਤੋਂ ਪਹਿਲਾਂ ਪੈਸਟ ਕੰਟਰੋਲ ਦਾ ਛਿੜਕਾਅ ਕਰਵਾ ਲਓ ਤਾਂ ਕਿ ਕਾਕਰੋਚ, ਕੀੜੇ ਅਤੇ ਸਿਓਂਕ ਤੋਂ ਤੁਹਾਡੀ ਲੱਕੜੀ ਬਚੀ ਰਹੇ।

× ਸਾਰੇ ਕਮਰਿਆਂ ਦੀਆਂ ਖਿੜਕੀਆਂ, ਦਰਵਾਜ਼ਿਆਂ ਦੀ ਗਰਿੱਲ ਨੂੰ ਚੰਗੀ ਤਰ੍ਹਾਂ ਜਾਂਚ ਲਓ। ਸਾਰੇ ਤਾਲੇ ਅਤੇ ਚਿਟਕਣੀਆਂ ਵੀ ਜਾਂਚ ਲਓ। ਘਰ ਬਦਲਣ ਤੋਂ ਪਹਿਲਾਂ ਇਨ੍ਹਾਂ ਵਿਚ ਜੋ ਕਮੀ ਹੋਵੇ, ਠੀਕ ਕਰਵਾ ਕੇ ਬਦਲੋ।

× ਗਰਿੱਲ, ਖਿੜਕੀਆਂ ਮਜ਼ਬੂਤ ਹਨ ਜਾਂ ਨਹੀਂ, ਇਸ 'ਤੇ ਵੀ ਗੌਰ ਕਰੋ।

× ਇਕ ਵਾਰ ਸਾਰੇ ਦਰਵਾਜ਼ੇ, ਖਿੜਕੀਆਂ ਦੇ ਪੱਲੇ ਖੋਲ੍ਹ ਕੇ ਬੰਦ ਕਰਕੇ ਦੇਖ ਲਓ ਕਿ ਆਰਾਮ ਨਾਲ ਬੰਦ ਕੀਤੇ ਅਤੇ ਖੋਲ੍ਹੇ ਜਾ ਸਕਦੇ ਹਨ।

× ਸਾਰੀਆਂ ਟੂਟੀਆਂ ਦੀ ਸਥਿਤੀ ਵੀ ਜਾਣ ਲਓ। ਫਲੱਸ਼ ਠੀਕ ਤਰ੍ਹਾਂ ਕੰਮ ਕਰਦੀ ਹੈ ਜਾਂ ਨਹੀਂ, ਵਾਸ਼ਵੇਸਨ, ਸਿੰਕ ਦੀ ਪਾਈਪ ਵਗੈਰਾ ਠੀਕ ਹੈ ਜਾਂ ਨਹੀਂ।

ਲੋੜ ਹੋਵੇ ਤਾਂ ਸ਼ਿਫਟ ਕਰਨ ਤੋਂ ਪਹਿਲਾਂ ਪਲੰਬਰ ਤੋਂ ਠੀਕ ਕਰਵਾ ਲਓ।

× ਬਜਟ ਘੱਟ ਹੋਣ 'ਤੇ ਸਸਤਾ ਰੰਗ-ਰੋਗਨ ਕਰਵਾ ਲਓ। ਹੱਥ ਵਿਚ ਪੈਸੇ ਆਉਣ 'ਤੇ ਬਾਅਦ ਵਿਚ ਚੰਗਾ ਰੰਗ-ਰੋਗਨ ਕਰਵਾ ਸਕਦੇ ਹੋ।

× ਬਜਟ ਘੱਟ ਹੋਣ 'ਤੇ ਘਰ ਦੇ ਮੈਂਬਰਾਂ ਦੇ ਨਾਲ ਚਾਹੋ ਤਾਂ ਧਾਰਮਿਕ ਰਸਮ ਕਰਵਾ ਕੇ ਸ਼ਿਫਟ ਕਰ ਜਾਓ। ਬਾਅਦ ਵਿਚ ਪੈਸੇ ਹੋਣ 'ਤੇ ਗ੍ਰਹਿ ਪ੍ਰਵੇਸ਼ ਦੀ ਪਾਰਟੀ ਕਰ ਸਕਦੇ ਹੋ।

# ਮਹੀਨੇ ਪਿੱਛੋਂ ਖ਼ਰੀਦਦਾਰੀ ਵਿਚ ਸਮਝਦਾਰੀ

ਹਰ ਮਹੀਨੇ ਲਏ ਜਾਣ ਵਾਲੇ ਸਾਮਾਨ ਦੀ ਸੂਚੀ ਬਣਾਓ। ਇਸ ਨਾਲ ਦੁਕਾਨ 'ਤੇ ਪਹੁੰਚ ਕੇ ਤੁਹਾਨੂੰ ਦਿਮਾਗ 'ਤੇ ਜ਼ੋਰ ਨਹੀਂ ਦੇਣਾ ਪਵੇਗਾ ਅਤੇ ਤੁਸੀਂ ਆਪਣੀ ਲੋੜ ਦਾ ਸਾਮਾਨ ਸਹੀ ਮਾਤਰਾ ਵਿਚ ਖਰੀਦਦੇ ਹੋ, ਨਾ ਘੱਟ, ਨਾ ਜ਼ਿਆਦਾ। ਸੂਚੀ ਨਾ ਹੋਣ 'ਤੇ ਕਈ ਵਾਰ ਤੁਸੀਂ ਜ਼ਰੂਰੀ ਸਾਮਾਨ ਲੈਣਾ ਭੁੱਲ ਜਾਂਦੇ ਹੋ ਅਤੇ ਫਿਰ ਇਕ-ਇਕ ਚੀਜ਼ ਦੇ ਲਈ ਆਪਣੇ ਪਤੀ ਜਾਂ ਬੱਚਿਆਂ ਨੂੰ ਬਾਜ਼ਾਰ ਭੇਜਦੇ ਹੋ, ਜਿਸ ਨਾਲ ਉਨ੍ਹਾਂ ਨੂੰ ਖਿਝ ਆਉਂਦੀ ਹੈ।



? ਸਮਾਨ ਦੀ ਸੂਚੀ ਬਣਾਉਂਦੇ ਸਮੇਂ ਇਹ ਧਿਆਨ ਰੱਖੋ ਕਿ ਸਾਮਾਨ ਦਾ ਸਟਾਕ ਏਨਾ ਹੋਵੇ ਕਿ ਜੇ ਕਿਸੇ ਕਾਰਨ ਤੁਸੀਂ ਆਪਣੀ ਨਿਸ਼ਚਤ ਤਰੀਕ ਦੇ ਤਿੰਨ-ਚਾਰ ਦਿਨ ਤੱਕ ਸਮਾਨ ਖਰੀਦਣ ਨਾ ਜਾ ਸਕੋ ਤਾਂ ਇਹ ਨੌਬਤ ਨਾ ਆ ਜਾਵੇ ਕਿ ਨਮਕ, ਚੀਨੀ, ਚੌਲ, ਤੇਲ ਸਭ ਖਤਮ ਹੋ ਜਾਣ ਅਤੇ ਹਰ ਛੋਟੀ-ਵੱਡੀ ਚੀਜ਼ ਦੇ ਲਈ ਤੁਹਾਨੂੰ ਬਾਜ਼ਾਰ ਦਾ ਚੱਕਰ ਲਗਾਉਣਾ ਪਵੇ।

? ਜੇ ਦੁਕਾਨਦਾਰ ਗ਼ਲਤੀ ਨਾਲ ਕੋਈ ਖਰਾਬ ਚੀਜ਼ ਦੇ ਦੇਵੇ ਤਾਂ ਉਸ ਨੂੰ ਵਾਪਸ ਕਰਵਾਓ। ਇਸ ਵਿਚ ਸੰਕੋਚ ਨਾ ਕਰੋ। ਅਜਿਹਾ ਕਰਨ ਨਾਲ ਦੁਕਾਨਦਾਰ ਸਮਝ ਜਾਵੇਗਾ ਕਿ ਤੁਸੀਂ ਇਕ ਜਾਗਰੂਕ ਗਾਹਕ ਹੋ ਅਤੇ ਅੱਗੇ ਤੋਂ ਤੁਹਾਨੂੰ ਸਾਮਾਨ ਦਿੰਦੇ ਸਮੇਂ ਉਹ ਹੋਰ ਵੀ ਚੌਕਸ ਰਹੇਗਾ। ਜੇ ਕਿਸੇ ਕੰਪਨੀ ਦੇ ਪੈਕ ਕੀਤੇ ਹੋਏ ਉਤਪਾਦ ਵਿਚ ਗੁਣਵੱਤਾ ਦੀ ਕਮੀ ਹੈ ਅਤੇ ਦੁਕਾਨਦਾਰ ਉਸ ਨੂੰ ਬਦਲਣ ਵਿਚ ਅਸਮਰੱਥਾ ਜ਼ਾਹਰ ਕਰਦਾ ਹੈ ਤਾਂ ਸਿੱਧੇ ਕੰਪਨੀ ਨੂੰ ਹੀ ਪੱਤਰ ਲਿਖੋ। ਅਕਸਰ ਕੰਪਨੀਆਂ ਇਸ ਮਾਮਲੇ ਵਿਚ ਬਹੁਤ ਸਜਗ ਹੁੰਦੀਆਂ ਹਨ ਅਤੇ ਅਜਿਹੀਆਂ ਸ਼ਿਕਾਇਤਾਂ 'ਤੇ ਤੁਰੰਤ ਕਾਰਵਾਈ ਕਰਦੀਆਂ ਹਨ। ਦੁਕਾਨ ਤੋਂ ਆਏ ਸਾਮਾਨ ਦੇ ਤੋਲ ਦੀ ਕਦੇ-ਕਦੇ ਜਾਂਚ ਕਰੋ। ਜੇ ਕੋਈ ਗੜਬੜ ਨਜ਼ਰ ਆਵੇ ਤਾਂ ਬਿਹਤਰ ਹੈ ਕਿ ਤੁਸੀਂ ਦੁਕਾਨ ਬਦਲ ਦਿਓ। ਅੱਜਕਲ੍ਹ 300-400 ਵਿਚ ਇਲੈਕਟ੍ਰਾਨਿਕ ਸਕੇਲ ਮਿਲ ਜਾਂਦੇ ਹਨ। ਹਮੇਸ਼ਾ ਆਪਣੇ ਸਾਮਾਨ ਦੇ ਬਿੱਲ ਦਾ ਨਕਦ ਭੁਗਤਾਨ ਕਰੋ।

ਉਧਾਰ ਲੈਣ ਤੋਂ ਬਚੋ। ਉਧਾਰ ਲੈਣ 'ਤੇ ਤੁਸੀਂ ਇਕ ਦੁਕਾਨ ਤੋਂ ਸਾਮਾਨ ਲੈਣ ਲਈ ਬੱਝ ਜਾਂਦੇ ਹੋ। ਦੁਕਾਨਦਾਰ ਵੀ ਜਾਣਦਾ ਹੈ ਕਿ ਤੁਸੀਂ ਉਸੇ ਤੋਂ ਹੀ ਸਾਮਾਨ ਲਓਗੇ, ਸੋ ਉਹ ਘਟੀਆ ਕਿਸਮ ਦਾ ਸਾਮਾਨ ਦੇਣ ਜਾਂ ਜ਼ਿਆਦਾ ਕੀਮਤ ਲੈਣ ਵਰਗੀਆਂ ਹਰਕਤਾਂ ਕਰ ਸਕਦਾ ਹੈ। ਤੁਹਾਡੀ ਇਹ ਵੀ ਮਜਬੂਰੀ ਬਣ ਜਾਂਦੀ ਹੈ ਕਿ ਤੁਸੀਂ ਉਹੀ ਸਮਾਨ ਖਰੀਦੋਗੇ ਜੋ ਉਸ ਦੀ ਦੁਕਾਨ 'ਤੇ ਉਪਲਬਧ ਹੋਵੇਗਾ।



# ਕੀ ਤੁਹਾਡੇ ਕੋਲ ਹੈ ਹਾਸੇ ਦੀ ਦੌਲਤ ?

**ਪਿੰਕੀ ਅਰੋੜਾ**

ਸਿਹਤ ਸਭ ਤੋਂ ਵੱਡੀ ਦੌਲਤ ਹੈ ਅਤੇ ਇਸ ਦੌਲਤ ਦੀ ਗਰੰਟੀ ਹੈ ਹੱਸਣਾ। ਜੀ ਹਾਂ, ਹੱਸਣਾ ਸਿਹਤ ਲਈ ਕਿੰਨਾ ਮਹੱਤਵਪੂਰਨ ਹੈ, ਇਸ ਗੱਲ ਨਾਲ ਹੀ ਸਮਝਿਆ ਜਾ ਸਕਦਾ ਹੈ ਕਿ ਅੱਜ ਵੱਡੇ ਤੋਂ ਵੱਡਾ ਡਾਕਟਰ ਹੱਸਣ ਨੂੰ ਤੰਦਰੁਸਤੀ ਦੀ ਸਭ ਤੋਂ ਵੱਡੀ ਗਾਰੰਟੀ ਮੰਨਦਾ ਹੈ। ਪਰ ਸਵਾਲ ਹੈ ਕਿ ਆਖਰ ਅਸੀਂ ਦਿਨ ਵਿਚ ਕਿੰਨੀ ਵਾਰ ਜ਼ੋਰ ਨਾਲ ਠਹਾਕਾ ਲਗਾ ਕੇ ਹੱਸਦੇ ਹਾਂ ? ਨਹੀਂ ਪਤਾ ? ਇਸ ਵਿਸ਼ੇ ਨਾਲ ਜਾਣੋ-



1. ਤੁਹਾਡੇ ਕੋਲ ਸਮਾਂ ਨਹੀਂ ਹੈ ਪਰ ਤੁਹਾਡਾ ਛੋਟਾ ਭਰਾ ਉਸ ਸਮੇਂ ਤੁਹਾਨੂੰ ਇਕ ਚੁਟਕਲਾ ਸੁਣਾਉਂਦਾ ਹੈ ਤਾਂ ਤੁਸੀਂ-
(ਕ) ਹਲਕੀ ਜਿਹੀ ਮੁਸਕਾਨ ਦਿਓਗੇ। (ਖ) ਖਿੜਖਿੜਾ ਕੇ ਹੱਸਣ ਲੱਗੋਗੇ। (ਗ) ਟਾਲਣ ਲਈ ਹੱਸ ਪਓਗੇ।
2. ਰਾਹ ਜਾਂਦੇ ਕਿਸੇ ਨੂੰ ਅਜੀਬੋ-ਗਰੀਬ ਹਰਕਤ ਕਰਦੇ ਦੇਖਦੇ ਹੋ ਤਾਂ ਤੁਸੀਂ-
(ਕ) ਇਸ ਵਿਚ ਹੱਸਣ ਵਾਲੀ ਕਿਹੜੀ ਗੱਲ ਹੈ ? (ਖ) ਹੱਸਣ ਵਾਲੀ ਗੱਲ ਹੋਈ ਤਾਂ ਜ਼ਰੂਰ ਹੱਸੋਗੇ। (ਗ) ਦੂਜਿਆਂ ਦੇ ਸਾਹਮਣੇ ਹੱਸਣ ਤੋਂ ਬਚਦੇ ਹੋ ਪਰ ਮੁਸਕੁਰਾਉਣਾ ਬੁਰਾ ਨਹੀਂ ਲਗਦਾ।
3. ਤੁਹਾਡੇ ਕੁਝ ਦੋਸਤ ਤੁਹਾਡਾ ਮਜ਼ਾਕ ਉਡਾ ਰਹੇ ਹਨ ਤਾਂ ਤੁਸੀਂ-
(ਕ) ਉਨ੍ਹਾਂ 'ਤੇ ਗੁੱਸਾ ਕਰਕੇ ਉਥੋਂ ਚਲੇ ਜਾਓਗੇ। (ਖ) ਕੋਈ ਪ੍ਰਤੀਕਿਰਿਆ ਪ੍ਰਗਟ ਨਹੀਂ ਕਰੋਗੇ। (ਗ) ਜ਼ੋਰ ਨਾਲ ਹੱਸਣ ਲੱਗੋਗੇ।
4. ਦੂਜਿਆਂ ਦੇ ਸਾਹਮਣੇ ਖੁੱਲ੍ਹ ਕੇ ਹੱਸਣ ਨਾਲ ਤੁਹਾਨੂੰ ਲਗਦਾ ਹੈ-
(ਕ) ਕੋਈ ਟੋਕ ਨਾ ਦੇਵੇ। (ਖ) ਦੂਜਿਆਂ ਦੀ ਪ੍ਰਵਾਹ ਕੌਣ ਕਰਦਾ ਹੈ ? (ਗ) ਤੇਜ਼ ਹੱਸਣਾ ਪਾਗਲਪਣ ਦੀ ਨਿਸ਼ਾਨੀ ਹੈ।
5. ਹਾਸੇ ਨੂੰ ਤੁਸੀਂ ਇੰਜ ਪਰਿਭਾਸ਼ਤ ਕਰਦੇ ਹੋ-
(ਕ) ਜੀਵਨ ਦੀ ਸੰਜੀਵਨੀ ਬੂਟੀ ਹੈ। (ਖ) ਇਹ ਬਿਨਾਂ ਕਸ਼ਟ ਵਾਲੀ ਕਸਰਤ ਹੈ। (ਗ) ਹੱਸਣਾ ਹੀ ਬੁਰਾ ਲਗਦਾ ਹੈ।

ਕ-ਜੇ ਤੁਹਾਡੇ ਪ੍ਰਾਪਤ ਅੰਕ 20 ਤੋਂ ਉੱਪਰ ਹਨ ਤਾਂ ਬਿਨਾਂ ਸ਼ੱਕ ਤੁਸੀਂ ਹੱਸਣ ਦੇ ਮਹੱਤਵ ਤੋਂ ਚੰਗੀ ਤਰ੍ਹਾਂ ਜਾਣੂ ਹੋ। ਤੁਸੀਂ ਜਾਣਦੇ ਹੋ ਕਿ ਜੀਵਨ ਵਿਚ ਤਣਾਅਗ੍ਰਸਤ ਰਹਿਣਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਇਸ ਦੇ ਉਲਟ ਜੇ ਮੁਸ਼ਕਿਲ ਦੌਰ ਵਿਚ ਵੀ ਅਸੀਂ ਹੱਸਦੇ ਰਹਿੰਦੇ ਹਾਂ ਤਾਂ ਇਸ ਨਾਲ ਸਾਡੀ ਸਿਹਤ ਵਧੀਆ ਬਣੀ ਰਹਿੰਦੀ ਹੈ, ਨਾਲ ਹੀ ਸਮੱਸਿਆਵਾਂ ਦਾ ਹੱਲ ਲੱਭਣ ਵਿਚ ਵੀ ਅਸਾਨੀ ਰਹਿੰਦੀ ਹੈ। ਕੁੱਲ ਮਿਲਾ ਕੇ ਨਤੀਜਾ ਇਹ ਹੈ ਕਿ ਤੁਸੀਂ ਕਾਫੀ ਸਮਝਦਾਰ ਹੋ ਅਤੇ ਵਰਤਮਾਨ ਸਮੇਂ ਵਿਚ ਖੁੱਲ੍ਹ ਕੇ ਹੱਸਦੇ ਹੋ ਭਾਵ ਅੱਜ ਵਿਚ ਜਿਊਣ 'ਤੇ ਵਿਸ਼ਵਾਸ ਰੱਖਦੇ ਹੋ।

ਖ-ਜੇ ਤੁਹਾਡੇ ਪ੍ਰਾਪਤ ਅੰਕ 10 ਤੋਂ ਜ਼ਿਆਦਾ ਅਤੇ 20 ਤੋਂ ਘੱਟ ਹਨ ਤਾਂ ਤੁਹਾਡੇ ਬਾਰੇ ਕਿਹਾ ਜਾ ਸਕਦਾ ਹੈ ਕਿ ਤੁਸੀਂ ਹੱਸਦੇ ਤਾਂ ਹੋ ਪਰ ਦੂਜਿਆਂ ਦਾ ਸੰਕੋਚ ਵੀ ਕਰਦੇ ਹੋ। ਪਰ ਮੁਸ਼ਕਿਲ ਦੇ ਦਿਨਾਂ ਵਿਚ ਹੱਸਣਾ ਤੁਹਾਡੇ ਲਈ ਸੰਭਵ ਨਹੀਂ ਹੁੰਦਾ। ਫਿਲਹਾਲ ਇਸ ਦੇ ਬਾਵਜੂਦ ਤੁਸੀਂ ਸਮਝਦਾਰ ਔਰਤ ਹੋ। ਇਸ ਲਈ ਹੱਸਦੇ ਰਹੋ ਅਤੇ ਆਪਣੇ ਹਾਸੇ ਵਿਚ ਹੋਰ ਵੀ ਵਾਧਾ ਕਰੋ। ਇਸ ਨਾਲ ਤੁਹਾਡਾ ਜੀਵਨ ਹੋਰ ਵੀ ਸੌਖਾ ਅਤੇ ਸਹਿਜ ਹੋ ਜਾਵੇਗਾ।

ਗ-ਜੇਕਰ ਤੁਹਾਡੇ ਪ੍ਰਾਪਤ ਅੰਕ 10 ਤੋਂ ਘੱਟ ਹਨ ਤਾਂ ਤੁਸੀਂ ਇਹ ਦੱਸੋ ਕਿ ਕੀ ਹੱਸਣ ਦੇ ਬਦਲੇ ਤੁਹਾਨੂੰ ਕੋਈ ਤੁਹਾਡੀ ਜੇਬ ਹਲਕੀ ਕਰਨ ਲਈ ਕਹਿ ਰਿਹਾ ਹੈ ? ਨਹੀਂ। ਹੱਸਣ ਦੇ ਬਦਲੇ ਤੁਹਾਨੂੰ ਕੁਝ ਦੇਣਾ ਨਹੀਂ ਪੈਂਦਾ ਤਾਂ ਕੱਲ੍ਹ ਦੀ ਸੋਚ ਕੇ ਅੱਜ ਕਿਉਂ ਪ੍ਰੇਸ਼ਾਨ ਹੁੰਦੇ ਹੋ ? ਇਸ ਰਵੱਈਏ ਤੋਂ ਜਿੰਨਾ ਛੇਤੀ ਹੋ ਸਕੇ, ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰੋ। ਨਹੀਂ ਤਾਂ ਹੋ ਸਕਦਾ ਹੈ ਬਹੁਤ ਛੇਤੀ ਹੀ ਤੁਹਾਨੂੰ ਜੀਵਨ ਵਿਚ ਕੋਈ ਰੁਚੀ ਨਜ਼ਰ ਨਾ ਆਵੇ ਅਤੇ ਇਹ ਖ਼ੂਬਸੂਰਤ ਦੁਨੀਆ ਤੁਹਾਨੂੰ ਨਰਕ ਵਾਂਗ ਲੱਗਣ ਲੱਗੇ।



**ਇਮੇਜ ਰਿਫਲੈਕਸ਼ਨ ਸੈਂਟਰ।**

# ਆਲੋਚਨਾ ਹੋਣ 'ਤੇ ਕਰੋ ਮਨੋਚਿੰਤਨ

ਆਧੁਨਿਕ ਸਮੇਂ ਦੌਰਾਨ ਹਰ ਕੋਈ ਚਾਹੁੰਦਾ ਹੈ ਕਿ ਉਸ ਦੀ ਪ੍ਰਸ਼ੰਸਾ ਹੋਵੇ। ਸ਼ਾਇਦ ਹੀ ਕੋਈ ਅਜਿਹਾ ਇਨਸਾਨ ਹੋਵੇ, ਜਿਹੜਾ ਆਪਣੀ ਆਲੋਚਨਾ ਸੁਣਨਾ ਵੀ ਪਸੰਦ ਕਰਦਾ ਹੋਵੇ। ਪਰ ਸਹੀ ਅਰਥਾਂ ਵਿਚ ਆਲੋਚਨਾ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ। ਆਲੋਚਨਾ ਦੇ ਬਾਅਦ ਜੇਕਰ ਮਨੋਚਿੰਤਨ ਕਰੀਏ ਤਾਂ ਅਸੀਂ ਆਪਣੀਆਂ ਬਹੁਤ ਸਾਰੀਆਂ ਬੁਰੀਆਂ ਆਦਤਾਂ, ਜਿਨ੍ਹਾਂ ਤੋਂ ਅਸੀਂ ਅਣਜਾਣ ਹੁੰਦੇ ਹਾਂ, ਉਨ੍ਹਾਂ ਨੂੰ ਸੁਧਾਰ ਸਕਦੇ ਹਾਂ। ਇੱਥੇ ਹੀ ਬੱਸ ਨਹੀਂ, ਕਈ ਵਾਰ ਆਲੋਚਨਾ ਸਫਲਤਾ ਦੀ ਪੌੜੀ ਵੀ ਬਣ ਜਾਂਦੀ ਹੈ। ਪਰ ਬਿਨਾਂ ਵਜ੍ਹਾ ਕਿਸੇ ਵੱਲੋਂ ਕੀਤੀ ਗਈ ਆਲੋਚਨਾ ਨੂੰ ਸਾਨੂੰ ਸਧਾਰਨ ਨਹੀਂ ਲੈਣਾ ਚਾਹੀਦਾ, ਸਗੋਂ ਕੋਈ ਗ਼ਲਤਫਹਿਮੀ ਪਾਲਣ ਤੋਂ ਬਚਦੇ ਹੋਏ ਉਸ ਬਾਰੇ ਸਬੰਧਤ ਵਿਅਕਤੀ ਨਾਲ ਗੱਲ ਕਰਨੀ ਚਾਹੀਦੀ ਹੈ, ਕਿਉਂਕਿ ਅਜਿਹਾ ਨਾ ਕਰਨ 'ਤੇ ਅਸੀਂ ਨਿਰਾਸ਼ਾ ਦੇ ਸ਼ਿਕਾਰ ਹੋ ਸਕਦੇ ਹਾਂ। ਪਰ ਇਹ ਗੱਲ ਵੀ ਪੱਕੀ ਹੈ ਕਿ ਔਰਤਾਂ ਅੰਦਰ ਹੀ ਅਜਿਹਾ ਸੁਭਾਅ ਹੁੰਦਾ ਹੈ, ਜੋ ਆਪਣੀ ਆਲੋਚਨਾ ਕਰਨ ਵਾਲਿਆਂ ਨੂੰ ਮਰਦਾਂ ਦੇ ਮੁਕਾਬਲੇ ਜ਼ਿਆਦਾ ਜਲਦੀ ਕਰਾਰਾ ਜਵਾਬ ਦਿੰਦੀਆਂ ਹਨ।

ਜੇਕਰ ਆਲੋਚਨਾ ਕਿਸੇ ਖ਼ਾਸ ਕੰਮ ਨੂੰ ਕਰਦੇ ਹੋਏ ਹੋ ਰਹੀ ਹੈ ਤਾਂ ਸਾਨੂੰ ਹੌਸਲਾ ਹਾਰਨ ਦੀ ਬਜਾਏ ਉਸ ਕੰਮ ਨੂੰ ਹੋਰ ਵੀ ਦ੍ਰਿੜ੍ਹਤਾ ਨਾਲ ਕਰਨਾ ਚਾਹੀਦਾ ਹੈ। ਫਿਰ ਆਪਣੇ-ਆਪ ਹੀ ਉਸ ਕੰਮ ਵਿਚਲੀਆਂ ਖ਼ਾਮੀਆਂ ਦੂਰ ਹੋ ਜਾਣਗੀਆਂ। ਇਸ ਤੋਂ ਬਾਅਦ ਦ੍ਰਿੜ੍ਹਤਾ ਅਤੇ ਮਿਹਨਤ ਨਾਲ ਲਗਾਤਾਰ ਕਿਸੇ ਖ਼ਾਸ ਕੰਮ ਨੂੰ ਕਰਦੇ ਹੋਏ ਸਾਨੂੰ ਸਫਲਤਾ ਅਤੇ ਖ਼ਾਸ ਪਹਿਚਾਣ ਵੀ ਮਿਲ ਸਕਦੀ ਹੈ। ਜੇਕਰ ਆਲੋਚਨਾ ਸਾਡੀ ਕਿਸੇ ਆਦਤ ਕਰਕੇ ਹੋ ਰਹੀ ਹੈ ਤਾਂ ਸਭ ਤੋਂ ਪਹਿਲਾਂ ਉਸ 'ਤੇ ਮਨੋਚਿੰਤਨ ਕਰਕੇ ਸਭ ਤੋਂ ਪਹਿਲਾਂ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਇਹ ਆਦਤ ਸਹੀ ਹੈ ਜਾਂ ਗ਼ਲਤ। ਜੇਕਰ ਗ਼ਲਤ ਹੋਵੇ ਤਾਂ ਉਸ ਆਦਤ ਨੂੰ ਛੱਡ ਦੇਣਾ ਚਾਹੀਦਾ ਹੈ, ਪਰ ਜੇਕਰ ਠੀਕ ਹੋਵੇ ਤਾਂ ਕਿਸੇ ਵਿਅਕਤੀ ਵੱਲੋਂ ਕੀਤੀ ਗਈ ਆਲੋਚਨਾ ਨੂੰ ਸਾਨੂੰ ਉੱਕਾ ਹੀ ਮਨੋਂ ਭੁਲਾ ਦੇਣਾ ਚਾਹੀਦਾ ਹੈ। ਹਰ ਤਰ੍ਹਾਂ ਦੇ ਹਾਲਾਤ ਵਿਚ ਆਲੋਚਨਾ ਨੂੰ ਕਿਸੇ ਤਰ੍ਹਾਂ ਆਪਣੇ-ਆਪ 'ਤੇ ਭਾਰੂ ਨਹੀਂ ਹੋਣ ਦੇਣਾ ਚਾਹੀਦਾ, ਕਿਉਂਕਿ ਅਸੀਂ ਜਿਸ ਸਮਾਜ ਵਿਚ ਰਹਿ ਰਹੇ ਹਾਂ, ਉਸ ਵਿਚ ਆਲੋਚਨਾ ਕਰਨ ਵਾਲਿਆਂ ਦੀ ਕੋਈ ਕਮੀ ਨਹੀਂ ਹੈ ।



**ਵਰਸੋਲਾ (ਗੁਰਦਾਸਪੁਰ) ।**

# ਅਣਭੋਲ ਬਚਪਨ ਤੇ ਰਿਸ਼ਤਿਆਂ ਦੀ ਸਾਂਝ



**ਨਰਿੰਦਰ ਪਾਲ ਕੌਰ,**

ਸਾਡਾ ਘਰ ਛੋਟਾ ਹੈ ਜਾਂ ਵੱਡਾ, ਇਹ ਗੱਲ ਕੋਈ ਖਾਸ ਮਾਇਨੇ ਨਹੀਂ ਰੱਖਦੀ, ਮਾਇਨੇ ਰੱਖਦਾ ਹੈ ਤਾਂ ਇਹ ਕਿ ਘਰ ਵਿਚ ਪਿਆਰ ਲਈ, ਰਿਸ਼ਤਿਆਂ ਦੀ ਸਾਂਝ ਲਈ ਕਿੰਨੀ ਥਾਂ ਹੈ। ਦਿਨ ਭਰ ਦੀ ਦੌੜ-ਭੱਜ ਤੋਂ ਬਾਅਦ ਜਦੋਂ ਅਸੀਂ ਘਰ ਆਉਂਦੇ ਹਾਂ ਤਾਂ ਇਕ ਸਕੂਨ ਦੀ ਤਲਾਸ਼ ਸਾਨੂੰ ਸਭ ਨੂੰ ਹੁੰਦੀ ਹੈ। ਵੱਡੇ ਹੋਣ ਜਾਂ ਬੱਚੇ, ਇਹ ਜ਼ਰੂਰਤ ਸਭ ਦੀ ਹੈ। ਅੱਜਕਲ੍ਹ ਸਾਡਾ ਪਰਿਵਾਰਕ ਅਤੇ ਸਮਾਜਿਕ ਜੀਵਨ ਤੇਜ਼ੀ ਨਾਲ ਬਦਲ ਰਿਹਾ ਹੈ। ਮੋਬਾਈਲ ਅਤੇ ਇੰਟਰਨੈੱਟ ਦੀ ਤਕਨੀਕ ਨੇ ਤਾਂ ਏਨਾ ਜ਼ਿਆਦਾ ਪ੍ਰਭਾਵਿਤ ਕਰ ਦਿੱਤਾ ਹੈ ਕਿ ਜ਼ਿਆਦਾਤਰ ਅਸੀਂ ਦੂਰ ਵਾਲਿਆਂ ਨਾਲ ਇਸ ਕਦਰ ਮਸਰੂਫ ਹੁੰਦੇ ਹਾਂ ਕਿ ਆਪਣੇ ਨੇੜੇ ਬੈਠੇ ਇਨਸਾਨ ਨੂੰ ਨਜ਼ਰਅੰਦਾਜ਼ ਹੀ ਕਰ ਦਿੰਦੇ ਹਾਂ। ਕੁਝ ਮਜਬੂਰੀ ਵੱਸ ਤੇ ਕੁਝ ਤਕਨਾਲੋਜੀ ਕਰਕੇ ਅਸੀਂ ਸਭ ਅਜੀਬ ਜਿਹੀ ਦੌੜ ਦਾ ਹਿੱਸਾ ਬਣਦੇ ਜਾ ਰਹੇ ਹਾਂ। ਪਹਿਲੇ ਨੰਬਰ 'ਤੇ ਪਰਿਵਾਰਾਂ ਦਾ ਟੁੱਟਣਾ, ਦੂਜਾ ਮਾਂ-ਪਿਓ ਦੋਵਾਂ ਦਾ ਕੰਮਕਾਜੀ ਹੋਣਾ ਸਾਡੇ ਬੱਚਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਜ਼ਿੰਦਗੀ ਵਿਚ ਕਾਹਲ ਏਨੀ ਵਧ ਗਈ ਹੈ ਕਿ ਘਰ ਦੇ ਚਾਰ ਜੀਆਂ ਕੋਲ ਵੀ ਗੱਲਬਾਤ ਲਈ ਖੁੱਲ੍ਹਾ ਸਮਾਂ ਨਹੀਂ ਰਿਹਾ। ਇਕ ਬੱਚੇ ਦੀ ਦੁਨੀਆ ਘਰ ਤੋਂ ਹੀ ਸ਼ੁਰੂ ਹੁੰਦੀ ਹੈ ਅਤੇ ਘਰ 'ਤੇ ਹੀ ਖਤਮ ਹੁੰਦੀ ਹੈ। ਜਿਹੜੇ ਬੱਚਿਆਂ ਨੂੰ ਆਪਣੇ ਘਰਦਿਆਂ ਨਾਲ ਭਾਵਨਾਵਾਂ ਦੀ ਸਾਂਝ ਪਾਉਣ ਦਾ ਮੌਕਾ ਜ਼ਿਆਦਾ ਮਿਲਦਾ ਹੈ, ਉਹ ਜ਼ਿਆਦਾ ਖੁਸ਼ ਤਬੀਅਤ ਅਤੇ ਮਿਲਣਸਾਰ ਹੁੰਦੇ ਹਨ। ਬੱਚੇ ਕਈ ਵਾਰੀ ਲਗਦੇ ਤਾਂ ਭੋਲੇ ਜਿਹੇ ਹਨ ਪਰ ਉਸ ਭੋਲੇਪਣ ਪਿੱਛੇ ਵੀ ਕਈ ਵਾਰ ਅਜੀਬ ਕਿਸਮ ਦਾ ਤਣਾਅ ਹੁੰਦਾ ਹੈ, ਜਿਹੜਾ ਸ਼ਬਦਾਂ ਰਾਹੀਂ ਨਹੀਂ ਦੱਸ ਪਾਉਂਦੇ। ਅਜਿਹੇ ਤਣਾਅ ਨੂੰ ਸਮਝਣ ਲਈ ਉਨ੍ਹਾਂ ਨਾਲ ਸਮਾਂ ਬਿਤਾਉਣਾ ਜ਼ਰੂਰੀ ਹੋ ਜਾਂਦਾ ਹੈ।

ਬੱਚਿਆਂ ਨੂੰ ਆਪਣੀ ਗੱਲ ਸਾਹਮਣੇ ਰੱਖਣ ਦਾ ਮੌਕਾ ਦੇਣਾ ਮਾਪਿਆਂ ਦਾ ਫਰਜ਼ ਹੈ। ਮੌਕੇ ਮੁਤਾਬਿਕ, ਇਮਾਨਦਾਰੀ ਨਾਲ ਉਨ੍ਹਾਂ ਦੀਆਂ ਗੱਲਾਂ ਦਾ ਜਵਾਬ ਦੇਣਾ ਬਣਦਾ ਹੈ, ਬਜਾਏ ਇਸ ਦੇ ਕਿ ਅਸੀਂ ਡਰਾ-ਧਮਕਾ ਕੇ, ਰੋਹਬ ਨਾਲ ਉਨ੍ਹਾਂ ਨੂੰ ਚੁੱਪ ਕਰਵਾ ਦਈਏ। ਮਾਮੂਲੀ ਜਾਪਣ ਵਾਲੀਆਂ ਗੱਲਾਂ ਬੱਚਿਆਂ ਲਈ ਅਹਿਮ ਹੁੰਦੀਆਂ ਹਨ। ਬਚਪਨ ਵਿਚ ਮਿਲਿਆ ਸਪੱਸ਼ਟ ਮਾਹੌਲ ਹੀ ਵੱਡੇ ਹੋ ਕੇ ਚੰਗਾ ਬਣਨ ਦਾ ਪ੍ਰੇਰਨਾ ਸਰੋਤ ਹੈ। ਬੱਚਿਆਂ ਨਾਲ ਵਿਸ਼ਵਾਸ ਵਧਾਉਣ ਲਈ, ਆਪਸੀ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਪਿਆਰ ਤੇ ਸਮਾਂ ਦੇਣਾ ਬਹੁਤ ਹੀ ਜ਼ਰੂਰੀ ਹੈ। ਭਾਵਨਾਤਮਕ ਤੌਰ 'ਤੇ ਜੁੜ ਕੇ, ਉਨ੍ਹਾਂ ਦੇ ਚੰਗੇ ਸਰੋਤ ਬਣ ਕੇ, ਇਮਾਨਦਾਰੀ ਨਾਲ ਉਨ੍ਹਾਂ ਦੇ ਨਾਲ ਪੇਸ਼ ਆ ਕੇ ਅਸੀਂ ਬਹੁਤ ਸਾਰੀਆਂ ਆਉਣ ਵਾਲੀਆਂ ਸਮੱਸਿਆਵਾਂ ਤੋਂ ਬਚ ਸਕਦੇ ਹਾਂ ਅਤੇ ਬੱਚਿਆਂ ਨੂੰ ਵੀ ਬਚਾ ਸਕਦੇ ਹਾਂ। ਸੋ ਆਓ, ਅਸੀਂ ਸਾਰੇ ਕੋਸ਼ਿਸ਼ ਕਰੀਏ, ਆਪਣੇ ਬੱਚਿਆਂ ਨੂੰ ਇਕ ਚੰਗਾ ਬਚਪਨ ਦੇਣ ਦੀ।

**738/7, ਗੁਰੂ ਨਾਨਕ ਨਗਰ, ਪਟਿਆਲਾ**

# ਬਚੋ ਸਵੇਰ ਦੀ ਭੱਜ-ਦੌੜ ਤੋਂ

ਚਾਹੇ ਤੁਸੀਂ ਘਰੇਲੂ ਔਰਤ ਹੋ ਜਾਂ ਕੰਮਕਾਜੀ ਔਰਤ, ਸਵੇਰ ਦਾ ਸਮਾਂ ਭੱਜ-ਦੌੜ ਦਾ ਸਮਾਂ ਹੁੰਦਾ ਹੈ। ਸਮਾਂ ਵੀ ਤੇਜ਼ ਰਫਤਾਰ ਨਾਲ ਦੌੜਦਾ ਜਾਂਦਾ ਹੈ। ਸਵੇਰ ਦਾ ਨਾਸ਼ਤਾ, ਚਾਹ, ਬੱਚਿਆਂ ਅਤੇ ਪਤੀ ਦਾ ਟਿਫਨ, ਦੁੱਧ, ਬੱਚਿਆਂ ਨੂੰ ਤਿਆਰ ਕਰਕੇ ਸਕੂਲ ਭੇਜਣਾ, ਪਤੀ-ਦੇਵ ਦੇ ਕੱਪੜੇ ਕੱਢਣੇ ਅਤੇ ਜੇਕਰ ਤੁਸੀਂ ਕੰਮਕਾਜੀ ਹੋ ਤਾਂ ਤੁਸੀਂ ਆਪਣੀ ਤਿਆਰੀ ਕਰਨਾ ਆਦਿ।



× ਰਾਤ ਨੂੰ ਸੌਣ ਤੋਂ ਪਹਿਲਾਂ ਬੱਚਿਆਂ ਦੀ ਸਕੂਲ ਡਰੈੱਸ, ਪਤੀ ਦੇ ਦਫ਼ਤਰ ਜਾਣ ਸਮੇਂ ਪਹਿਨਣ ਵਾਲੇ ਕੱਪੜੇ ਅਤੇ ਖੁਦ ਕੰਮਕਾਜੀ ਹੋਣ 'ਤੇ ਆਪਣੇ ਪਹਿਨਣ ਵਾਲੇ ਕੱਪੜਿਆਂ ਦਾ ਫੈਸਲਾ ਕਰਕੇ, ਕੱਢ ਕੇ ਇਸ ਲਈ ਨਿਸਚਤ ਜਗ੍ਹਾ 'ਤੇ ਰੱਖ ਦਿਓ। ਬੱਚਿਆਂ ਦੀ ਜੁੱਤੀ, ਬੈਲਟ, ਟਾਈ ਆਦਿ ਵੀ ਨਾਲ ਰੱਖ ਦਿਓ।

× ਬੱਚਿਆਂ ਨੂੰ ਸਿਖਾਓ ਕਿ ਸਕੂਲ ਤੋਂ ਆਉਣ 'ਤੇ ਬੱਚੇ ਆਪਣਾ ਬੈਗ, ਬੋਤਲ ਅਤੇ ਆਪਣੇ ਕੱਪੜੇ ਇਕ ਨਿਸਚਤ ਜਗ੍ਹਾ 'ਤੇ ਰੱਖਣ।

× ਰਾਤ ਨੂੰ ਸੌਣ ਤੋਂ ਪਹਿਲਾਂ ਜਾਂਚ ਲਓ ਕਿ ਕੱਪੜਿਆਂ ਦੇ ਬਟਨ ਠੀਕ-ਠਾਕ ਹਨ ਅਤੇ ਪ੍ਰੈੱਸ ਠੀਕ ਹੈ ਜਾਂ ਨਹੀਂ। ਲੋੜ ਹੋਣ 'ਤੇ ਰਾਤ ਨੂੰ ਠੀਕ ਕਰਕੇ ਹੀ ਸੌਂਵੋਂ।

× ਬੱਚਿਆਂ ਅਤੇ ਪਤੀ ਨੂੰ ਆਦਤ ਪਾਓ ਕਿ ਛੋਟੇ-ਛੋਟੇ ਕੰਮ ਖੁਦ ਕਰਨ। ਤੁਹਾਡੇ 'ਤੇ ਜ਼ਿਆਦਾ ਬੋਝ ਨਾ ਪਾਉਣ। ਬੱਚਿਆਂ ਨੂੰ ਜਦੋਂ ਤੁਸੀਂ ਹੋਮਵਰਕ ਕਰਵਾ ਰਹੇ ਹੋ ਤਾਂ ਨਾਲ-ਨਾਲ ਰਾਤ ਦਾ ਖਾਣਾ ਵੀ ਦੇਖ ਲਓ। ਸਮਾਂ ਹੋਣ 'ਤੇ ਸਵੇਰੇ ਕੀ ਬਣਾਉਣਾ ਹੈ, ਇਸ ਦਾ ਫੈਸਲਾ ਕਰਕੇ ਥੋੜ੍ਹੀ ਤਿਆਰੀ ਕਰ ਲਓ, ਜਿਸ ਨਾਲ ਸਵੇਰੇ ਤੁਹਾਡਾ ਸਮਾਂ ਖਰਾਬ ਨਹੀਂ ਹੋਵੇਗਾ।

ਹੋਮਵਰਕ ਖਤਮ ਹੋਣ 'ਤੇ ਬੱਚਿਆਂ ਨੂੰ ਬੈਗ ਪੈਕ ਕਰਨ ਲਈ ਕਹੋ। ਉਨ੍ਹਾਂ ਨੂੰ ਪੈਨਸਿਲ, ਰਬੜ ਸੰਭਾਲ ਕੇ ਰੱਖਣ ਨੂੰ ਕਹੋ ਅਤੇ ਪੈਨਸਿਲ ਜੇ ਸ਼ਾਰਪ ਕਰਨੀ ਹੋਵੇ ਤਾਂ ਕਰਵਾ ਕੇ ਪੈਨਸਿਲ ਬਾਕਸ ਵਿਚ ਰਖਵਾਓ।

# ਕਿਵੇਂ ਕਰੀਏ ਹੱਥਾਂ ਦੀ ਦੇਖਭਾਲ

1. ਹੱਥਾਂ ਦੀ ਦੇਖਭਾਲ ਲਈ ਦਸਤਾਨੇ ਵਰਤੋ : × ਖੁੱਲ੍ਹੇ ਪਾਣੀ ਵਿਚ, ਰਸਾਇਣਾਂ ਵਿਚ ਜਾਂ ਬਗੀਚੇ ਵਿਚ ਕੰਮ ਕਰਨ ਤੋਂ ਪਹਿਲਾਂ ਆਪਣੇ ਹੱਥਾਂ 'ਤੇ ਦਸਤਾਨੇ ਪਹਿਨ ਲਓ।

2. ਆਪਣੇ ਹੱਥਾਂ 'ਤੇ ਚੰਗੀ ਕਿਸਮ ਦਾ ਮਾਇਸਚਰ ਲਗਾਓ: × ਦਿਨ ਵੇਲੇ ਹੱਥਾਂ ਨੂੰ ਵਾਰ-ਵਾਰ ਧੋਣ ਨਾਲ ਇਨ੍ਹਾਂ ਦੀ ਚਮੜੀ ਖੁਸ਼ਕ ਹੋ ਜਾਂਦੀ ਹੈ, ਖਾਸ ਕਰਕੇ ਸਰਦੀਆਂ ਵਿਚ। ਆਪਣੇ ਹੱਥਾਂ ਉੱਪਰ ਮਾਇਸਚਰਾਈਜ਼ਰ ਕਰੀਮ ਦਿਨ ਵਿਚ ਘੱਟੋ-ਘੱਟ ਤਿੰਨ ਤੋਂ ਚਾਰ ਵਾਰ ਲਗਾਓ। × ਇਸ ਲਈ ਦਿਨ ਵੇਲੇ ਹਲਕਾ ਮਾਇਸਚਰਾਇਜ਼ਰ ਲੋਸ਼ਨ ਵਰਤੋ, ਜੋ ਤੇਜ਼ੀ ਨਾਲ ਜਜ਼ਬ ਹੋ ਜਾਵੇ। ਰਾਤ ਵੇਲੇ ਭਾਰੀ ਤੇਲ ਯੁਕਤ ਮਾਇਸਚਰਾਇਜ਼ਰ ਕਰੀਮ ਠੀਕ ਰਹਿੰਦੀ ਹੈ। ਇਹ ਰਾਤ ਵੇਲੇ ਚਮੜੀ ਵਿਚ ਜਜ਼ਬ ਹੋ ਕੇ ਸਵੇਰ ਤੱਕ ਹੱਥਾਂ ਨੂੰ ਨਰਮ ਕਰ ਦਿੰਦੀ ਹੈ।

3. ਮਾਲਿਸ਼ ਨਾਲ ਹੱਥਾਂ ਦੀ ਸੰਭਾਲ: × ਜਦੋਂ ਹੱਥਾਂ ਉੱਪਰ ਲੋਸ਼ਨ ਲਗਾਉਂਦੇ ਹੋ ਤਾਂ ਇਸ ਦੀ ਤੇਜ਼ੀ ਨਾਲ ਮਾਲਿਸ਼ ਕਰੋ। ਅਜਿਹਾ ਤੁਸੀਂ ਆਪਣੇ ਹੱਥ ਦੇ ਅੰਗੂਠੇ ਤੋਂ ਸ਼ੁਰੂ ਹੋ ਕੇ ਬਾਕੀ ਉਂਗਲਾਂ ਨੂੰ ਹੇਠਾਂ ਤੋਂ ਉੱਪਰ ਤੱਕ ਮਾਲਿਸ਼ ਕਰ ਸਕਦੇ ਹੋ।

4. ਸਨਸਕਰੀਨ ਵਰਤੋ : × ਧੁੱਪ ਕਾਰਨ ਹੱਥਾਂ 'ਤੇ ਦਾਗ ਪੈ ਸਕਦੇ ਹਨ ਜਾਂ ਉਨ੍ਹਾਂ 'ਤੇ ਝੁਰੜੀਆਂ ਪੈ ਸਕਦੀਆਂ ਹਨ ਅਤੇ ਇਹ ਤੁਹਾਡੀ ਉਮਰ ਨਾਲੋਂ ਵਧੇਰੇ ਖ਼ਰਾਬ ਲੱਗਣਗੇ। × ਇਸ ਲਈ ਬਾਹਰ ਧੁੱਪ ਵਿਚ ਜਾਣ ਤੋਂ ਪਹਿਲਾਂ ਸਨਸਕਰੀਨ ਲੋਸ਼ਨ ਜਾਂ ਸਨ-ਬਲਾਕ ਕਰੀਮ ਲਗਾਓ। × ਆਪਣੇ ਪਰਸ ਵਿਚ ਇਕ ਛੋਟੀ ਸਨਸਕਰੀਨ ਲੋਸ਼ਨ ਦੀ ਟਿਊਬ ਰੱਖੋ। ਕਿਸੇ ਵੇਲੇ ਵੀ ਅਚਾਨਕ ਤੁਸੀਂ ਧੁੱਪ ਵਿਚ ਜਾ ਸਕਦੇ ਹੋ। ਜੇਕਰ ਇਹ ਉਸ ਸਮੇਂ ਉਪਲਬਧ ਨਾ ਹੋਵੇ ਤਾਂ ਤੁਸੀਂ ਐਸ.ਪੀ.ਐੱਫ. 15 ਜਾਂ ਇਸ ਤੋਂ ਵੱਧ ਤਾਕਤ ਵਾਲੀ ਮਾਇਸਚਰਾਈਜ਼ਰ ਕਰੀਮ ਵਰਤ ਸਕਦੇ ਹੋ।



5. ਹੱਥਾਂ ਦੀ ਵਾਧੂ ਚਮੜੀ ਦੀ ਸਫ਼ਾਈ : × ਆਪਣੇ ਹੱਥਾਂ ਦੇ ਪਿਛਲੇ ਪਾਸੇ ਨੂੰ ਗਿੱਲਾ ਕਰਕੇ ਨਮਕ ਜਾਂ ਚੀਨੀ ਦੀ ਮਾਲਿਸ਼ ਕਰੋ ਅਤੇ ਸਾਫ਼ ਪਾਣੀ ਨਾਲ ਧੋ ਦਿਓ। ਇਸ ਤਰ੍ਹਾਂ ਕਰਨ ਨਾਲ ਮ੍ਰਿਤ ਚਮੜੀ ਉੱਤਰ ਜਾਵੇਗੀ ਅਤੇ ਖ਼ੂਨ ਦੀ ਸਪਲਾਈ ਠੀਕ ਹੋਵੇਗੀ ਅਤੇ ਹੱਥਾਂ ਦੀ ਚਮੜੀ ਤਾਜ਼ਾ ਅਤੇ ਨਰਮ ਦਿਖਾਈ ਦੇਵੇਗੀ। × ਕਦੇ-ਕਦੇ ਤੁਸੀਂ ਆਪਣੇ ਚਿਹਰੇ 'ਤੇ ਵਰਤਣ ਵਾਲੇ ਸਕਰੱਬ ਦੀ ਬਜਾਏ ਫੇਸ਼ੀਅਲ ਨੂੰ ਹੱਥਾਂ ਦੇ ਪਿਛਲੇ ਪਾਸੇ ਦੀ ਚਮੜੀ 'ਤੇ ਰਗੜੋ। ਇਸ ਤਰ੍ਹਾਂ ਚਮੜੀ ਨਰਮ ਤੇ ਸੁੰਦਰ ਬਣੇਗੀ।

6. ਹੱਥਾਂ ਦੀ ਸੰਭਾਲ ਲਈ ਜ਼ਰੂਰੀ ਵਿਟਾਮਿਨ : × ਵਿਟਾਮਿਨ 'ਬੀ' ਦੀ ਕਮੀ ਕਾਰਨ ਹੱਥਾਂ ਦੇ ਨਹੁੰ ਖੁਰਦਰੇ ਬਣ ਸਕਦੇ ਹਨ। ਕੈਲਸ਼ੀਅਮ ਦੀ ਘਾਟ ਤੁਹਾਡੇ ਨਹੁੰਆਂ ਨੂੰ ਖੁਸ਼ਕ ਅਤੇ ਖ਼ਰਾਬ ਕਰ ਸਕਦੀ ਹੈ। ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਵਿਟਾਮਿਨ ਭਰਪੂਰ ਭੋਜਨ ਹੀ ਲਿਆ ਜਾਵੇ ਅਤੇ ਬੇਹੱਦ ਘਾਟ ਦੀ ਹਾਲਤ ਵਿਚ ਆਪਣੇ ਡਾਕਟਰ ਦੀ ਸਲਾਹ ਲਈ ਜਾਵੇ ਤਾਂ ਜੋ ਨਹੁੰਆਂ ਦੀ ਤੰਦਰੁਸਤੀ ਲਈ ਕੋਈ ਸਪਲੀਮੈਂਟ ਲਏ ਜਾ ਸਕਣ।

7. ਹੱਥਾਂ ਦੇ ਇਲਾਜ ਲਈ ਕੁਦਰਤੀ ਸੁੰਦਰਤਾ ਟਿਪਸ : × ਇਕ ਸ਼ੀਸ਼ੀ ਵਿਚ ਨਿੰਬੂ ਦੇ ਰਸ ਦਾ ਇਕ ਚਮਚਾ, ਗਲਿਸਰੀਨ ਅਤੇ ਗੁਲਾਬ ਜਲ ਦੇ ਪੰਜ-ਪੰਜ ਤੁਪਕਿਆਂ ਨੂੰ ਮਿਲਾਓ। ਇਸ ਨਾਲ ਆਪਣੇ ਹੱਥਾਂ ਅਤੇ ਨਹੁੰਆਂ ਨੂੰ 10 ਤੋਂ 15 ਮਿੰਟ ਲਈ ਮਾਲਿਸ਼ ਕਰੋ। × ਗਲਿਸਰੀਨ ਤੇ ਖੀਰੇ ਨੂੰ ਮਿਕਸ ਕਰਕੇ ਹੱਥਾਂ 'ਤੇ ਮਲਣ ਨਾਲ ਸੁੰਦਰ ਦਿਖਾਈ ਦੇਣਗੇ। × ਤੁਸੀਂ ਆਂਡੇ ਦਾ ਚਿੱਟਾ ਹਿੱਸਾ ਆਪਣੇ ਹੱਥਾਂ 'ਤੇ ਮਲ ਸਕਦੇ ਹੋ। ਇਹ ਇਕ ਚੰਗੇ ਮਾਸਕ ਵਜੋਂ ਕੰਮ ਕਰਦਾ ਹੈ। ਇਹ ਹੱਥਾਂ ਦੇ ਪਿਛਲੇ ਪਾਸੇ ਦੀ ਚਮੜੀ ਨੂੰ ਸਖ਼ਤ ਕਰ ਦੇਵੇਗਾ ਅਤੇ ਹੱਥ ਝੁਰੜੀਆਂ ਪੈਣ ਤੋਂ ਬਚੇ ਰਹਿਣਗੇ।

ਹੱਥਾਂ ਦੀ ਸੰਭਾਲ ਕਰਨ ਲਈ ਉੱਪਰ ਦੱਸੇ ਟਿਪਸ ਤੁਹਾਡਾ ਬਹੁਤ ਥੋੜ੍ਹਾ ਸਮਾਂ ਲੈਣਗੇ ਪਰ ਇਹ ਤੁਹਾਡੇ ਹੱਥਾਂ ਦੀ ਚਮੜੀ ਨੂੰ ਟਾਈਟ, ਨਰਮ, ਜਵਾਨ ਤੇ ਸੁੰਦਰ ਦਿੱਖ ਵਾਲੀ ਬਣਾ ਦੇਣਗੇ।

# ਸ਼ਿੰਗਾਰ ਦੀ ਪੂਰਕ ਬਿੰਦੀ

**ਨੀਤੂ ਗੁਪਤਾ**

ਵਿਭਿੰਨ ਰੰਗਾਂ ਵਾਲੀਆਂ ਬਿੰਦੀਆਂ : ਬਾਜ਼ਾਰ ਵਿਚ ਹਰ ਰੰਗ ਨਾਲ ਮੈਚ ਕਰਦੀਆਂ, ਹਰ ਸਾਈਜ਼ ਵਿਚ ਬਿੰਦੀਆਂ ਉਪਲਬਧ ਹਨ।ਤੁਸੀਂ ਆਪਣੀ ਡਰੈੱਸ ਨਾਲ ਮੈਚ ਕਰਦੀ ਬਿੰਦੀ ਆਪਣੇ ਮੱਥੇ 'ਤੇ ਲਗਾ ਕੇ ਆਪਣੇ ਸ਼ਿੰਗਾਰ ਦੀ ਸ਼ੋਭਾ ਵਧਾ ਸਕਦੇ ਹੋ, ਆਪਣੀ ਸ਼ਖ਼ਸੀਅਤ ਵਿਚ ਨਿਖਾਰ ਲਿਆ ਸਕਦੇ ਹੋ। ਪਹਿਲਾਂ ਲਾਲ ਅਤੇ ਮੈਰੂਨ ਰੰਗ ਨੂੰ ਸੁਹਾਗ ਦੇ ਪ੍ਰਤੀਕ ਦੇ ਰੂਪ ਵਿਚ ਦੇਖਿਆ ਜਾਂਦਾ ਸੀ ਪਰ ਅੱਜ ਪੋਸ਼ਾਕ ਅਤੇ ਮੌਕੇ ਮੁਤਾਬਿਕ ਬਿੰਦੀਆਂ ਬਾਜ਼ਾਰ ਵਿਚ ਉਪਲਬਧ ਹਨ, ਜਿਨ੍ਹਾਂ ਨੂੰ ਤੁਸੀਂ ਵਰਤੋਂ ਵਿਚ ਲਿਆ ਸਕਦੇ ਹੋ.।



**ਵੈਲਵੈੱਟ ਬਿੰਦੀ** : ਵੈਲਵੈੱਟ ਦੀ ਬਿੰਦੀ ਜ਼ਿਆਦਾ ਸਮੇਂ ਤੱਕ ਮੱਥੇ 'ਤੇ ਲੱਗੀ ਰਹਿੰਦੀ ਹੈ ਅਤੇ ਪਸੀਨਾ ਆਉਣ ਨਾਲ ਜਲਦੀ ਖਰਾਬ ਵੀ ਨਹੀਂ ਹੁੰਦੀ ਹੈ, ਵੈਲਵੈੱਟ ਵਿਚ ਮੈਰੂਨ ਅਤੇ ਲਾਲ ਬਿੰਦੀ ਜ਼ਿਆਦਾ ਲੋਕਪ੍ਰਿਆ ਹੈ।

**ਲਿਕੁਡ ਬਿੰਦੀ** : ਕੁਝ ਸਮਾਂ ਪਹਿਲਾਂ ਤੱਕ ਕਾਲਜ ਪੜ੍ਹਦੀਆਂ ਦੁਲਹਨਾਂ ਲਿਕੁਡ ਬਿੰਦੀ ਲਗਾਉਂਦੀਆਂ ਸੀ। ਉਨ੍ਹਾਂ ਨੂੰ ਅਨੇਕਾਂ ਆਕਾਰਾਂ ਵਿਚ ਅਨੇਕਾਂ ਰੰਗਾਂ ਵਿਚ ਆਪਣੇ ਮੱਥੇ 'ਤੇ ਸਜਾਉਂਦੀਆਂ ਸੀ।

**ਸਟੋਨ ਵਾਲੀ ਬਿੰਦੀ** : ਹਾਲੇ ਤੱਕ ਸਟੋਨਸ ਦੀ ਵਰਤੋਂ ਜਿਊਲਰੀ ਵਿਚ ਕੀਤੀ ਜਾਂਦੀ ਸੀ, ਜਦੋਂ ਤੋਂ ਫੈਬਰਿਕ 'ਤੇ ਇਸ ਦੀ ਵਰਤੋਂ ਕੀਤੀ ਜਾਣ ਲੱਗੀ ਹੈ, ਉਦੋਂ ਤੋਂ ਬਿੰਦੀ ਵੀ ਸਟੋਨ ਵਾਲੀ ਆ ਗਈ ਹੈ। ਸਟੋਨ ਵਾਲੀਆਂ ਬਿੰਦੀਆਂ ਰਾਤ ਦੇ ਸਮਾਗਮਾਂ ਵਿਚ ਬਹੁਤ ਆਕਰਸ਼ਕ ਲਗਦੀਆਂ ਹਨ।

**ਹੀਰੇ ਵਰਗੀ ਬਿੰਦੀ** : ਸਟੋਨ ਦੀ ਤਰ੍ਹਾਂ ਹੀਰਾ ਵੀ ਹੁਣ ਬਿੰਦੀ ਦੇ ਰੂਪ ਵਿਚ ਮਾਰਕੀਟ ਵਿਚ ਉਪਲਬਧ ਹੈ। ਸਿਲਵਰ ਅਤੇ ਗੋਲਡਨ ਮੈਡਲ ਵਿਚ ਅਮਰੀਕਨ ਡਾਇਮੰਡ ਦੀ ਬਿੰਦੀ ਬਹੁਤ ਹੀ ਖ਼ੂਬਸੂਰਤ ਲਗਦੀ ਹੈ। ਇਹ ਟਿਕਾਊ ਅਤੇ ਮਹਿੰਗੀ ਬਿੰਦੀ ਹੈ। ਇਸ ਨਾਲ ਤੁਸੀਂ ਆਪਣੇ ਮੱਥੇ 'ਤੇ ਸਜਾ ਕੇ ਆਪਣੀ ਪੋਸ਼ਾਕ ਅਤੇ ਸ਼ਖ਼ਸੀਅਤ ਨੂੰ ਚਾਰ ਚੰਦ ਲਗਾ ਸਕਦੇ ਹੋ।

